ਅਗਸਤ/ August 2024
ਸਾਲ/ Year 09
ਅੰਕ/ Edition 05
ਕੁੱਲ ਸਫੇ/ Total Page 16

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive
ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

### ਅੰਦਰ ਪੜ੍ਹੋ



15 ਅਗਸਤ (ਸੁਤੰਤਰਤਾਂ ਦਿਵਸ) ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ
ਬਾਬਾ ਗੋਕਲ ਚੰਦ ਜੀ ਦੀ ਸੁਪਰਸਤੀ ਹੇਠ ਹੋਇਆ ਸਾਲਾਨਾ ਵਿਸ਼ਾਲ ਜਾਗਰਨ
ਮਹਿਲਾ ਸੈੱਲ ਆਈ.ਟੀ.ਆਈ ਮੋਗਾ ਵਿੱਚ ਮਨਾਇਆ ਗਿਆ ਤੀਜ ਦਾ ਤਿਉਹਾਰ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਵੱਲੋਂ ਹਰ ਸਾਲ ਆਪਣੇ ਬਲਾਕਾਂ ਰਾਹੀ 1000 ਤੋਂ 1500 ਰੁੱਖ ਲਗਾਏ ਜਾਂਦੇ ਹਨ। ਇਸੇ ਲੜੀ ਤਹਿਤ ਐਤਕੀ ਵੀ 2000 ਪੌਦੇ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ।







# ਬੇਬੀ ਉਮੰਗਦੀਪ ਕੌਰ ਪੁਰਬਾ ਅਤੇ ਏਕਮਜੋਤ ਸਿੰਘ ਪੁਰਬਾ ਨੇ ਆਪਣੇ 12ਵੇਂ ਜਨਮ ਦਿਨ ਤੇ ਲਗਾਏ 12 ਪੌਦੇ

## ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਵੀ ਜਰੂਰੀ ਹੈ -ਭਵਨਦੀਪ ਸਿੰਘ



# 15 ਅਗਸਤ ਅਜ਼ਾਦੀ ਦਿਵਸ ਤੇ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਅਤੇ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾ ਅਤੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ!

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਓਰੋ) ਸੰਪਰਕ: 9988-92-9988

ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ
ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!



**ਸੰਤ ਬਾਬਾ ਰੇਸ਼ਮ ਸਿੰਘ ਜੀ ਖਾਲਸਾ (ਖੁਖਰਾਣੇ ਵਾਲੇ)**

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ: ਖਾਲਸਾ ਐਕਸ਼ਨ ਕਮੇਟੀ
ਸੂਪਰਸਤ: ਦੁੱਖ ਭੰਜਨ ਸੇਵਾ ਸੁਸਾਇਟੀ

ਮੁੱਖ ਸੇਵਾਦਾਰ :
**ਗੁ. ਸਾਹਿਬ ਦੁੱਖ ਭੰਜਨਸਰ**

ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

**ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ**

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ
ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।



ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

**ਵਧੀਆਂ ਕੁਆਲਟੀ ਵਿੱਚ ਫਲੈਕਸਾ ਬਣਵਾਉਣ**

**ਜੰਤਰੀਆਂ, ਕੈਲੰਡਰ, ਡਾਇਰੀਆਂ ਮੈਗਜੀਨ ਪੁਸਤਕਾਂ ਛਪਵਾਉਣ**

ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

**ਮਹਿਕ ਵਤਨ ਦੀ ਐਡਵੇਟਾਈਜਮੈਂਟ ਕੰਪਨੀ (ਰਜਿ:)**

Help Line: 9988-92-9988
E-mail: mehakwattandi@rediffmail.com
www.mehakwatandilive.com

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਬਹੁੱਤ ਵੱਡੀ ਸਮੱਸਿਆ ਹੈ ਸਾਈਕਲ ਸਕੂਟਰ ਸਟੈਂਡ ਦੀ

ਐਤਕੀ 15 ਅਗਸਤ ਜਾਨੀ ਕਿ ਸੁਤੰਤਰਤਾ ਦਿਵਸ ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨਾ ਸੀ ਪਰ ਸ਼ਹਿਰ ਵਿੱਚ ਚੱਲ ਰਹੀ ਇੱਕ ਬਹੁੱਤ ਵੱਡੀ ਸਮੱਸਿਆ ਬਾਰੇ ਬਾਰ-ਬਾਰ ਲੋਕਾਂ ਦੀਆਂ ਸਕਾਇਤਾ ਆ ਰਹੀਆਂ ਸਨ ਇਸ ਬਾਰੇ ਲਿਖਣ ਲਈ ਕਿਹਾ ਜਾ ਰਿਹਾ ਸੀ ਇਸ ਲਈ ਧਿਆਨ ਸੁਤੰਤਰਤਾ ਦਿਵਸ ਤੋਂ ਹਟ ਕਿ ਸ਼ਹਿਰ ਵਿੱਚ ਚੱਲ ਰਹੀ ਪਾਰਕਿੰਗ ਦੀ ਸਮੱਸਿਆ ਬਾਰੇ ਜਿਆਦਾ ਸੀ। ਸ਼ਹਿਰ ਵਿੱਚ ਹਰ ਜਗ੍ਹਾ ਪਾਰਕਿੰਗ ਦੀ ਸਮੱਸਿਆ ਹੈ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਸਾਈਕਲ, ਸਕੂਟਰ ਸਟੈਂਡ ਬਣਾਏ ਗਏ ਹਨ। ਉਨ੍ਹਾਂ ਨੂੰ ਚਲਾਉਣ ਲਈ ਇਹ ਸਾਈਕਲ, ਸਕੂਟਰ ਸਟੈਂਡ ਠੇਕੇ ਤੇ ਦੇ ਦਿੱਤੇ ਜਾਂਦੇ ਹਨ। ਠੇਕੇ ਤੇ ਚੱਲ ਰਹੇ ਇਹ ਸਾਈਕਲ, ਸਕੂਟਰ ਸਟੈਂਡ ਪਾਰਕਿੰਗ ਤੋਂ ਵੀ ਵੱਡੀ ਸਮੱਸਿਆ ਬਣ ਗਏ ਹਨ। ਹਰ ਸਮੇਂ ਇੰਨ੍ਹਾਂ ਸਾਈਕਲ, ਸਕੂਟਰ ਸਟੈਂਡਾਂ ਤੇ ਲੜਾਈ ਝਗੜਾ ਤੇ ਕਲੇਸ਼ ਰਹਿੰਦਾ ਹੈ।

ਸਰਕਾਰੀ ਹਸਪਤਾਲ ਦੀ ਗੱਲ ਕਰੀਏ ਤਾਂ ਡਾਕਟਰ ਦੀ ਪਰਚੀ ਦੀ ਫੀਸ 5/- ਰੁਪਏ ਹੈ ਪਰ ਸਾਈਕਲ ਸਟੈਂਡ ਵਾਲੀਆਂ ਦੀ ਪਾਰਕਿੰਗ ਫੀਸ 10/- ਰੁਪਏ ਹੈ। ਇਹ ਬਹੁੱਤ ਵੱਡੀ ਗੱਲ ਹੈ ਕਿ ਸਰਕਾਰੀ ਹਸਪਤਾਲ ਵਿੱਚ ਗਰੀਬ ਵਿਅਕਤੀਆਂ ਨੇ ਹੀ ਜਾਣਾ ਹੁੰਦਾ ਹੈ ਉਨ੍ਹਾਂ ਲਈ 10/- ਦੇਣੇ ਵੀ ਔਖੇ ਹੀ ਹਨ। ਜਿਹੜੇ ਗਰੀਬ ਵਿਅਕਤੀ ਹਸਪਤਾਲ ਵਿੱਚ ਦਾਖਿਲ ਹੁੰਦੇ ਹਨ ਉਨ੍ਹਾਂ ਦੇ ਪ੍ਰੀਵਾਰ ਵਾਲਿਆਂ ਨੂੰ ਦਿਹਾੜੀ ਵਿੱਚ 2-3 ਵਾਰ ਆਪਣੇ ਮਰੀਜ ਕੋਲ ਆਉਣਾ ਪੈਂਦਾ ਹੈ। ਚਾਹ, ਰੋਟੀ ਪਾਣੀ ਫੜਾਉਣ ਲਈ ਤਾਂ ਅਉਣਾ ਹੀ ਪੈਣਾ ਹੈ। ਇਸ ਹਿਸਾਬ ਨਾਲ ਉਨ੍ਹਾਂ ਦੀ ਨਜਾਇਜ ਲੁੱਟ ਹੋ ਰਹੀ ਹੈ। ਐਨ.ਜੀ.ਓ. ਨਾਲ ਸਬੰਧਤ ਹੋਣ ਕਾਰਨ ਮੈਂ ਕਈ ਵਾਰ ਹਸਪਤਾਲ ਵਿੱਚ ਮਰੀਜਾਂ ਨੂੰ ਵੇਖਣ ਗਿਆ ਹਾਂ। ਉਨ੍ਹਾਂ ਨੇ ਇਸ ਬਾਰੇ ਮੇਰੇ ਨਾਲ ਗੱਲ-ਬਾਤ ਕੀਤੀ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਾਣ ਸਮੇਂ ਪਾਰਕਿੰਗ ਵਾਲੇ ਪਰਚੀ ਫੜ ਲੈਂਦੇ ਹਨ ਤੇ ਪਾੜ ਕੇ ਸਿੱਟ ਦਿੰਦੇ ਹਨ ਤਾਂ ਜੋ ਦੂਸਰੀ ਵਾਰ ਅਉਣ ਤੇ ਉਨ੍ਹਾਂ ਨੂੰ ਦੁਬਾਰਾ ਪਰਚੀ ਕਟਾਉਣੀ ਪਵੇ। ਜਿਕਰ ਯੋਗ ਹੈ ਕਿ ਬੀਮਾਰ ਵਿਅਕਤੀ ਦੇ ਪ੍ਰੀਵਾਰ ਦੇ ਮੈਂਬਰਾਂ ਦੇ ਆਪਣੇ ਮਰੀਜ ਕੋਲ ਕਈ-ਕਈ ਗੇੜੇ ਲੱਗਦੇ ਹਨ। ਇਸ ਤਰ੍ਹਾਂ ਇਹ ਗਰੀਬ ਮਾਰ ਹੀ ਹੋ ਰਹੀਂ ਹੈ। ਇਸੇ ਤਰ੍ਹਾਂ ਜਿਲ੍ਹਾ ਸਕੱਤਰੇਤ ਅਤੇ ਕੋਰਟ ਕਚਹਿਰੀਆਂ ਵਿੱਚ ਹਰ ਕੰਮ ਲਈ ਕਈ-ਕਈ ਗੇੜੇ ਲੱਗਦੇ ਹਨ। ਉਥੇ ਵੀ ਸਾਈਕਲ, ਸਕੂੱਟਰ ਸਟੈਂਡ ਤੇ ਦਿੱਤੇ ਜਾਣ ਵਾਲੇ ਪੈਸਿਆ ਦਾ ਇਹ ਵਾਧੂ ਦਾ ਜੋੜ ਮਿਡਲ ਕਲਾਸ ਨੂੰ ਵੀ ਦੁੱਖਦਾ ਹੈ।

ਸਾਈਕਲ, ਸਕੂੱਟਰ ਸਟੈਂਡ ਦੇ ਠੇਕੇਦਾਰਾ ਦੀ ਵੀ ਆਪਣੀ ਮਜਬੂਰੀ ਹੈ ਕਿਉਂਕਿ ਉਨ੍ਹਾਂ ਨੇ ਲੱਖਾ ਰੁਪਏ ਵਿੱਚ ਠੇਕਾ ਭਰਿਆ ਹੁੰਦਾ ਹੈ। ਉਨ੍ਹਾਂ ਨੇ ਕਈ-ਕਈ ਮੁਲਾਜਮ ਰੱਖੇ ਹੁੰਦੇ ਹਨ। ਉਨ੍ਹਾਂ ਦੇ ਖਰਚੇ ਵੀ ਕੱਢਣੇ ਹੁੰਦੇ ਹਨ ਇਸ ਲਈ ਸਖਤੀ ਕਰਦੇ ਹਨ। ਵੇਖਣ ਯੋਗ ਹੈ ਸਾਈਕਲ, ਸਕੂਟਰ ਸਟੈਡ ਤੇ ਕੰਮ ਕਾਰ ਕਰਨ ਵਾਲੇ ਵਿਅਕਤੀਆਂ ਦੀ ਬੋਲ-ਚਾਲ ਵੀ ਵਧੀਆ ਨਹੀਂ ਹੁੰਦੀ ਹੈ ਕਿਉਕਿ ਸਾਈਕਲ, ਸਕੂਟਰ ਸਟੈਡ ਤੇ ਕੰਮ ਕਾਰ ਕਰਨ ਵਾਲੇ ਵਿਅਕਤੀਆਂ ਘੱਟ ਤਨਖਾਹਾ ਤੇ ਕੰਮ ਕਰਨ ਵਾਲੇ ਹੁੰਦੇ ਹਨ ਇਸ ਲਈ ਉਹ ਜਿਆਦਾ ਪੜ੍ਹੇ ਲਿਖੇ ਵੀ ਨਹੀਂ ਹੁੰਦੇ ਅਤੇ ਉਨ੍ਹਾਂ ਲਈ ਕਿਸੇ ਦੀ ਪੜਾਈ ਲਿਖਾਈ ਅਤੇ ਅਹੁੱਦੇ ਦਾ ਕੋਈ ਖਾਸ ਮਤਲਬ ਨਹੀਂ ਹੁੰਦਾ ਪਰ ਖਾਸ ਰੁਤਬੇ ਰੱਖਣ ਵਾਲੇ ਮਿਡਲ ਕਲਾਸ ਲੋਕ ਨੂੰ ਉਨ੍ਹਾਂ ਦਾ ਇਹ ਵਰਤਾਉ ਪਸੰਦ ਨਹੀਂ ਆਉਂਦਾ। ਮਿਡਲ ਕਲਾਸ ਲੋਕਾਂ ਦੀ ਪੜ੍ਹਾਈ ਲਿਖਾਈ ਥੱਲਲੇ ਲੈਵਲ ਅਤੇ ਬਹੁੱਤ ਉਚੇ ਲੈਵਲ ਦੇ ਲੋਕਾਂ ਤੋਂ ਜਿਆਦਾ ਹੁੰਦੀ ਹੈ। । ਠੇਕੇਦਾਰਾਂ ਨੂੰ ਇਹ ਜਰੂਰ ਵੇਖਣਾ ਚਾਹੀਦਾ ਹੈ ਕਿ ਉਹ ਅਜਿਹੇ ਮੁਲਾਜਮ ਰੱਖਣ ਜਿਹੜੇ ਹਰ ਆਉਣ-ਜਾਣ ਵਾਲੇ ਵਿਅਕਤੀ ਨੂੰ ਪਿਆਰ ਸਤਿਕਾਰ ਨਾਲ ਬੋਲਣ। ਕਿਉਂਕਿ ਹਰ ਵਿਅਕਤੀ ਮਜਬੂਰੀ ਵਿੱਚ ਹੀ ਸਰਕਾਰੀ ਹਸਪਤਾਲ ਜਾਂ ਕੋਰਟ ਕਚਹਿਰੀਆਂ ਵਿੱਚ ਆਉਦਾ ਹੈ ਉਹ ਪਹਿਲਾ ਹੀ ਟੈਨਸ਼ਨ ਤੇ ਮੁਸੀਬਤ ਵਿੱਚ ਹੁੰਦਾ ਹੈ। ਜੇਕਰ ਕੋਈ ਉਸ ਨੂੰ ਥੋੜਾ ਵੀ ਗਲਤ ਤਰੀਕੇ ਨਾਲ ਪਰਚੀ ਲਈ ਕਹੇਗਾ ਤਾਂ ਉਹ ਜਰੂਰ ਲੜਾਈ-ਝਗੜਾ ਹੀ ਕਰੇਗਾ। ਇਸ ਦੇ ਉਲਟ ਜੇਕਰ ਉਸ ਨੂੰ ਪਿਆਰ ਸਤਿਕਾਰ ਨਾਲ ਬੁਲਾਇਆ ਜਾਵੇ ਅਤੇ ਉਸ ਨਾਲ ਹਮਦਰਦੀ ਭਰੀ ਗੱਲ ਕੀਤੀ ਜਾਵੇ ਤਾਂ ਉਸ ਨੂੰ ਪਰਚੀ ਦੇ ਪੈਸੇ ਨਹੀਂ ਦੁਖਣਗੇ।

ਉਪਰੋਕਤ ਵਿਸ਼ੇ ਬਾਰੇ ਸਰਕਾਰ ਅਤੇ ਐਨ.ਜੀ.ਓ. ਸੰਸਥਾਵਾਂ ਨੂੰ ਸੋਚਣ ਦੀ ਲੋੜ ਹੈ। ਜੇਕਰ ਸਾਈਕਲ, ਸਕੂਟਰ ਸਟੈਂਡ ਨੂੰ ਠੇਕੇਦਾਰਾਂ ਦੇ ਹੱਥੋਂ ਕੱਢ ਕੇ ਇਕ-ਦੋ ਵਿਅਕਤੀ ਤਨਖਾਹ ਤੇ ਰੱਖ ਲਏ ਜਾਣ ਤਾਂ ਗਰੀਬ ਲੋਕ ਇਸ ਬੋਝ ਤੋਂ ਛੁਟਕਾਰਾ ਪਾ ਲੈਣ। ਪਰਚੀਆਂ ਤਾਂ ਬਹੁੱਤ ਸਾਰੀਆਂ ਫਰਮਾ ਜਾਂ ਸੁਸਾਇਟੀਆਂ ਨੇ ਹੀ ਸਪੋਂਸਰ ਕਰ ਦੇਣੀਆਂ ਹਨ। ਸਰਕਾਰੀ ਵਿਭਾਗਾਂ ਕੋਲ ਜਿਥੇ ਕਰੋੜਾਂ ਦੇ ਬੱਜਟ ਹੋਣ ਉੱਥੇ ਕੁੱਝ ਕੁ ਲੱਖਾਂ ਦੇ ਠੇਕੇ ਨਾਲ ਵਿਭਾਗ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਜਨਤਾ ਨੂੰ ਸਹੂਲਤ ਮਿਲ ਜਾਵੇਗੀ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' • ਲਾਈਵ

Titel Regd No. PUNPUN 04016 | Year 9 | Edition 05 | Issue Date 15-08-2024

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ): ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ




ਪ੍ਰੈਸ ਫੋਟੋਗ੍ਰਾਫਰ : ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਮਨਮੋਹਨ ਸਿੰਘ ਚੀਮਾ

## ਸਾਡੇ ਮਾਣਯੋਗ ਵਿਸ਼ੇਸ਼ ਪੱਤਰਕਾਰ ਪ੍ਰਤੀਨਿਧ !

ਰਾਜਵਿੰਦਰ ਰੌਤਾ (ਨਿਹਾਲ ਸਿੰਘ ਵਾਲਾ)
ਰਾਜਿੰਦਰ ਸਿੰਘ ਕੋਟਲਾ (ਬਾਘਾ ਪੁਰਾਣਾ)
ਹਰਜਿੰਦਰ ਸਿੰਘ ਬੱਡੂਵਾਲੀਆਂ (ਧਾਰਮਿਕ ਪ੍ਰਤੀਨਿਧ)
ਡਾ. ਜਗਤਾਰ ਸਿੰਘ ਪਰਮਿਲ (ਨਾਹਲ ਖੋਟੇ)
ਰਾਜਿੰਦਰ ਖੋਸਾ (ਤਾਰੇਵਾਲਾ)
ਕੁਲਦੀਪ ਸਿੰਘ ਸੈਭੀ
ਹਰਪ੍ਰੀਤ ਸਿੰਘ ਹੈਪੀ ਦੋਸਾਝ (ਧਰਮਕੋਟ)
ਜਸਵਿੰਦਰ ਕੌਰ ਜੱਸੀ (ਜਿਲ੍ਹਾ ਇੰਚਾਰਰਜ: ਜਲੰਧਰ)
ਸ਼ਵਿੰਦਰ ਸਿੰਘ ਗਿੱਲ ਤਾਰੇਵਾਲਾ (ਨਵਾਂ ਮੋਗਾ)
ਕੁਲਵਿੰਦਰ ਸਿੰਘ ਰਾਮੂੰਵਾਲਾ
ਦਰਸ਼ੀ ਭੱਟੀਵਾਲ (ਲਿਵਲਾਨ) ਫਿਲਮੀ ਪ੍ਰਤੀਨਿਧ
ਮਹਿੰਦਰ ਸਿੰਘ ਮੇਹਨਤੀ
ਜਸਵੀਰ ਸ਼ਰਮਾ ਦੱਦਾਹੂਰ (ਸ੍ਰੀ ਮੁਕਤਸਰ ਸਾਹਿਬ)
ਵਿਸ਼ਾਲ ਸਿੰਘ (ਸ੍ਰੀ ਅੰਮ੍ਰਿਤਸਰ ਸਾਹਿਬ)
ਡਾ. ਸਰਬਜੀਤ ਕੌਰ ਬਰਾੜ (ਸਾਹਿਤਕ ਪ੍ਰਤੀਨਿਧ)
ਪਰਮਜੀਤ ਕੌਰ (ਸਾਹਿਤਕ ਪ੍ਰਤੀਨਿਧ)
ਬਲਦੇਵ ਸਿੰਘ ਆਜਾਦ (ਦੌਧਰ)
ਸੁਖਜੀਤ ਕੌਰ ਸਾਰੋ (ਕੈਨੇਡਾ)

ਕਰਮਜੀਤ ਸਿੰਘ ਭਲੂਰ
ਮਨਿੰਦਰ ਮੋਗਾ (ਇੰਚਾਰਜ: ਵੈੱਬ ਟੀ.ਵੀ.)
ਸਿਮਰਜੀਤ ਸਿੰਘ ਲਾਹੋਰੀਆ
(ਇੰਚਾਰਜ/ ਟੈਕਨੀਕਲ: ਆਨਲਾਈਨ ਅਖਬਾਰ)

**ਰਜਿਸਟਰਡ ਆਫਿਸ**
1195, ਅਜੀਤ ਨਗਰ ਮੋਗਾ (ਪੰਜਾਬ)

**ਪ੍ਰੈਸ ਆਫਿਸ**
ਅੱਡਾ ਹੁਸ਼ਿਆਰਪੁਰ, ਮਾਈ ਹੀਰਾ ਗੇਟ
ਜਲੰਧਰ (ਪੰਜਾਬ)

**ਸੰਪਰਕ**
Office: 01636-501620
Help Line: 9988-92-9988
Web Site: www.mehakwatandilive.com
E-Mail: mehakwattandi@rediffmail.com
mehakwatandilive.tv@gmail.com
Facebook: Mehak Watan Di Live
Youtube: Mehak Watan Di Live
Instagram: mehakwatandilive
Twiter: mehakwatandilive

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਰਣਜੀਤ ਸਿੰਘ ਐਮ.ਏ. ਫਰੀਦਕੋਟ

ਗੁਰ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਝੇ ਦੇ ਇਤਿਹਾਸਿਕ ਨਗਰ 'ਬਾਬਾ ਬਕਾਲਾ' ਵਿੱਚ 22 ਭੇਖੀ ਗੁਰੂ ਆਪੋ ਆਪਣੀ ਪੂਜਾ ਕਰਵਾਉਣਾ ਅਤੇ ਦਸਵੰਧ ਛੱਕਣ ਲਈ ਮੰਜੀਆਂ ਡਾਹ ਕੇ ਬੈਠ ਗਏ ਸਨ। ਉਸ ਸਮੇਂ, ਗੁਰੂ ਘਰ ਦੇ ਇੱਕ ਅਨਿੰਨ ਸ਼ਰਧਾਲੂ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਕਾਂਤ ਵਿੱਚੋਂ ਟੋਲਿਆ, ਪਰਖਿਆ ਅਤੇ ਹੂਕ ਭਰਿਆ ਹੋਕਾ ਦਿੱਤਾ : "ਗੁਰ ਲਾਧੋ ਰੇ ! ਗੁਰੂ ਲਾਧੇ ਰੇ !! ਗੁਰੂ ਲਾਧੇ ਰੇ !!!" ਗੁਰਸਿੱਖ ਦੇ ਮਨ ਵਿੱਚੋਂ ਨਿਕਲੀ ਹੂਕਨੁਮਾ ਹਾਕ ਨੇ ਸਾਰੀ ਸੰਗਤ ਨੂੰ ਖਿੱਚ ਲਿਆ ਅਤੇ ਭੇਖੀ ਗੁਰੂ ਬੋਰੀਆਂ-ਬਿਸਤਰਾ ਲਪੇਟ ਕੇ ਆਪੋ ਆਪਣੇ ਡੇਰੇਨੁਮਾ ਦਾਇਰਿਆਂ ਦੀਆਂ ਚਾਰ-ਦਵਾਰੀਆਂ ਵਿਚ ਜਾ ਵੜੇ।



ਸਿੱਖ ਜਗਤ ਦੀ ਹਾਲਤ ਅੱਜ ਵੀ ਕੁਝ ਉਹੋ-ਜਿਹੀ ਹੈ। ਪ੍ਰਤੱਖ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ-ਹਜ਼ੂਰ ਅਤੇ ਜ਼ਾਹਰਾ-ਜ਼ਹੂਰ ਹੁੰਦਿਆਂ, ਕਈ ਭੇਖੀ ਤਰ੍ਹਾਂ-ਤਰ੍ਹਾਂ ਦੇ ਅੰਡਬਰ ਰੱਚ ਕੇ, ਗੋਲਮੋਲ ਘੋਟਵੀਆਂ ਦਸਤਾਰਾਂ ਸਜਾ ਕੇ, ਲੰਮੇ-ਲੰਮੇ ਚੋਲੇ ਪਾ ਕੇ, ਭੀੜੀਆਂ ਪਜਾਮੀਆਂ ਦੀ ਨੁਮਾਇਸ਼ ਕਰਕੇ, ਮਣਕੇ ਤੇ ਮਣਕਾ ਠਾਹ ਮਣਕਾ ਦਾ ਮਾਲਾ-ਜਾਪ ਦਿਖਾ ਕੇ, ਹੱਥਾਂ ਤੇ ਸਰਹੋਂ ਜਮਾਉਣ ਵਾਂਗ ਮਦਾਰੀਆਂ ਵਾਲਾ ਪਾਖੰਡ ਪ੍ਰਗਟਾ ਕੇ, ਵੱਡੀਆਂ ਵੱਡੀਆਂ ਡੇਰੇਨੁਮਾ ਆਧੁਨਿਕ ਕਾਲੋਨੀਆਂ ਉਸਾਰ ਕੇ, ਗੁਰਬਾਣੀ ਦੇ ਅਰਥਾਂ ਨਾਲ ਅਨੱਰਥ ਕਰ ਕੇ, **'ਕੰਨਾ-ਮੰਨਾ ਕੁਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ'** ਆਖ ਕੇ ਆਪਣੇ ਗੁਰੂ ਹੋਣ ਦਾ ਝਾਉਲਾ ਦਿੰਦੇ ਹੋਏ, ਆਪਣੇ ਹਲਵੇ-ਮਾਂਡੇ ਦਾ ਪ੍ਰਬੰਧ ਕਰੀ ਬੈਠੇ ਹਨ। ਅੱਜ ਵੀ ਭਾਈ ਮੱਖਣ ਸ਼ਾਹ ਵਾਂਗ ਹਜ਼ਾਰਾਂ ਗੁਰਸਿੱਖ : **'ਗੁਰੂ ਸ਼ਬਦ ਹੈ', 'ਗੁਰੂ ਪ੍ਰਤੱਖ ਹੈ', ਗੁਰੂ ਗ੍ਰੰਥ ਹੈ', 'ਗੁਰਬਾਣੀ ਹੀ ਗੁਰੂ ਹੈ' 'ਪੋਥੀ ਪਰਮੇਸਰ ਕਾ ਥਾਨ ਹੈ'** ਦਾ ਹੋਕਾ ਦੇ ਰਹੇ ਹਨ, ਪਰ ਅਫਸੋਸ-ਦਰ-ਅਫਸੋਸ ਇਹ ਕਿ ਉਨ੍ਹਾਂ ਦੀ ਕਹੀ ਨੂੰ ਸੁਣ ਕੇ ਮੰਨ ਕੋਈ ਨਹੀਂ ਰਿਹਾ। ਫਲਸਰੂਪ ਦੇਹਧਾਰੀ ਗੁਰੂ-ਪਰਪੰਚ ਬਾਦਸਤੂਰ ਕਾਇਮ ਹੈ। ਇਹ ਡੰਮੀ ਗੁਰੂ, ਰੱਤ ਪੀਣੀਆਂ ਜੋਕਾਂ ਵਾਂਗ ਕੌਮ ਦੇ ਪਿੰਡੇ ਤੇ ਚਿੰਬੜੇ ਹੋਏ ਹਨ। ਸਾਡੀ ਅਗਿਆਨਤਾ ਅਤੇ ਅੰਨ੍ਹੀ ਸ਼ਰਧਾ ਕਾਰਣ ਦੰਭੀ ਗੁਰੂ ਖੁਸ਼ ਹਨ, ਮਾਲਾਮਾਲ ਹੋ ਰਹੇ ਹਨ, ਘਿਉ ਦੇ ਦੀਵੇ ਜਗਾ ਰਹੇ ਹਨ ਅਤੇ ਅਸੀਂ ਆਪਣੀ ਹੀ ਬਰਬਾਦੀ ਦੇ ਭਾਂਬੜ ਵਿੱਚ ਤੇਲ ਪਾ ਕੇ ਫੂਕਾਂ ਮਾਰ ਰਹੇ ਹਾਂ। ਸਾਡੀ ਤਬਾਹੀ ਉੱਤੇ ਡੰਮੀ ਗੁਰੂ ਅਤੇ ਉਨ੍ਹਾਂ ਦੇ ਪਾਲਤੂ ਬਟੇਰੇ ਹੱਸ ਰਹੇ ਹਨ। ਨਿੱਤ ਨਵੇਂ ਦਿਨ ਕੋਈ ਨਵਾਂ ਪਾਖੰਡੀ 'ਡੰਮੀ ਗੁਰੂ' ਬਣ ਕੇ ਉੱਠ ਖਲੋਂਦਾ ਹੈ ਅਤੇ ਖਾਲਸਾ ਪੰਥ ਨੂੰ ਵੰਗਾਰਨ ਲਗਦਾ ਹੈ। ਇਨ੍ਹਾਂ ਤਰਸੋਯਗ ਪ੍ਰਸਥਿਤੀਆਂ ਵਿੱਚ ਜਦੋਂ **'ਆਧੇਰੈ ਰਾਹ ਨ ਕੋਈ'** ਦਿੱਸ ਰਿਹਾ ਹੋਵੇ ਤਾਂ **'ਅਗਾਂਹ ਕੂ ਤ੍ਰਾਂਘਣ'** ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਪ੍ਰਗਟੇ ਰੱਬੀ ਬੋਲਾਂ ਤੋਂ ਅਗਵਾਈ ਪ੍ਰਾਪਤ ਕਰਨੀ ਨਿਹਾਇਤ ਜ਼ਰੂਰੀ ਜਾਪਦੀ ਹੈ।

ਬਿਨਾਂ ਕਿਸੇ ਸ਼ਕੇ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਇਹ ਹੀ ਹੈ ਕਿ ਪ੍ਰਭੂ-ਪਰਮਾਤਮਾ ਦੇ ਲੜ ਸਿਰਫ ਸੱਚਾ ਸਤਿਗੁਰੂ ਹੀ ਜੋੜ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪੂਰੇ ਗੁਰੂ ਦੀ ਰਹਿਨੁਮਾਈ ਤੋਂ ਬਗੈਰ ਕੋਈ ਇਨਸਾਨ ਆਤਮਿਕ ਮਾਰਗ ਦਾ ਪੰਧਾਊ ਵੀ ਨਹੀਂ ਬਣ ਸਕਦਾ। ਆਤਮਿਕ ਜੀਵਨ ਦੀਆਂ ਮੰਜ਼ਿਲਾਂ ਛੂਹਣਾ ਤਾਂ ਨਾਮੁਮਕਿਨ ਬਾਤ ਹੈ। ਗੁਰੂ ਬਾਬੇ ਦੇ ਫੁਰਮਾਨ ਹਨ :

**"ਬਿਨੁ ਸਤਿਗੁਰ ਕਿਨੈ ਨ ਪਾਇਓ,**
**ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ,**
**ਕਰਿ ਪਰਗਟੁ ਆਖਿ ਸੁਣਾਇਆ॥'**

....... ........... ........

**'ਗੁਰੁ ਦੇਵਾ ਗੁਰੁ ਅਲਖ ਅਭੇਵਾ॥**
**ਤ੍ਰਿਭਵਣ ਸੋਝੀ ਗੁਰ ਕੀ ਸੇਵਾ॥'**

ਗੁਰੂ ਸਾਹਿਬ ਦਾ ਫੈਸਲਾ ਅਟੱਲ ਹੈ। ਗੁਰੂ ਜੀ ਦੀ ਮੋਹਰ ਅਮਿੱਟ ਹੈ। ਸਿਧ ਗੋਸ਼ਟਿ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ : **"ਬਿਨੁ ਗੁਰ ਭਰਮੇ ਆਵੈ ਜਾਇ॥ ਬਿਨੁ ਗੁਰ ਘਾਲ ਨਾ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੁਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰ ਡਸੈ ਮਰਿ ਵਾਟ॥ ਨਾਨਕ ਗੁਰ ਬਿਨ ਘਾਟੇ ਘਾਟ॥"**

ਗੁਰੂ ਦੀ ਲੋੜ ਨੂੰ ਨਿਹਾਇਤ ਜ਼ਰੂਰੀ ਦਰਸਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਸਪੱਸ਼ਟ ਕਰ ਦਿੱਤਾ ਕਿ 'ਗੁਰੂ' ਕਹਿਣ-ਕਹਾਉਣ ਦਾ ਅਧਿਕਾਰ ਸਿਰਫ 'ਸ਼ਬਦ' ਨੂੰ ਹੀ ਹੈ। ਪੰਜ ਭੂਤਕ ਮਨੁੱਖੀ ਸਰੀਰ ਨੂੰ ਗੁਰੂ ਕਹਿਣਾ 'ਗੁਰੂ ਲਫਜ਼ ਦੀ ਨਿਰਾਦਰੀ ਕਰਨਾ ਹੈ। 'ਸ਼ਬਦ ਦਾ ਓਟ-ਆਸਰਾ ਲੈਣ ਦਾ ਸਾਨੂੰ ਹੁਕਮ ਹੈ। ਗੁਰੂ ਬਾਬੇ ਦਾ ਫੁਰਮਾਨ ਹੈ :

**"ਸ਼ਬਦੇ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥**
**ਬਿਨੁ ਸ਼ਬਦੇ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥"**

ਗੁਰ-ਇਤਿਹਾਸ ਦੇ ਹਵਾਲਿਆਂ ਮੁਤਾਬਿਕ ਫਰਵਰੀ 1538 ਈ: ਦੀ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ-ਨਾਥਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਲੰਮੀ ਗਿਆਨ-ਚਰਚਾ ਹੋਈ। ਸਿੱਧਾਂ-ਨਾਥਾਂ ਨੇ ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਵਾਲ ਪੁਛੇ ਅਤੇ ਗੁਰੂ ਸਾਹਿਬ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਉਨ੍ਹਾਂ ਦੇ ਹਰ ਸਵਾਲ ਦਾ ਢੁਕਵਾਂ ਜਵਾਬ ਦਿੱਤਾ। ਇਨ੍ਹਾਂ ਸਵਾਲਾਂ-ਜਵਾਬਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਉਚਾਰਿਆ ਅਤੇ ਬਾਣੀ ਨੂੰ ਨਾਮ ਦਿੱਤਾ, **"ਸਿੱਧ ਗੋਸ਼ਟਿ"**। ਇਸੇ ਬਾਣੀ ਵਿੱਚ ਸਿੱਧਾਂ ਦਾ ਇੱਕ ਪ੍ਰਸ਼ਨ ਹੈ :

**"ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥"**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਵਾਬ ਹੈ:

**"ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"**

ਗੁਰੂ ਸਾਹਿਬ ਜਾਣਦੇ ਸਨ ਕਿ ਸਵਾਰਥੀ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਸ਼ਬਦਾਂ ਨੂੰ ਤੋੜ-ਮਰੋੜ ਕੇ ਮਨਭਾਉਂਦੇ ਅਰਥ ਕੱਢ ਕੇ ਆਪਣੀਆਂ ਵਿਹਲੜ ਗੋਗੜਾਂ ਨੂੰ ਝੁਲਕਾ ਦੇਣ ਦਾ ਉਪਰਾਲਾ ਕਰਨਗੇ, ਸੋ ਸ਼ਬਦ ਗੁਰੂ' ਦੇ ਇਸੇ ਸਿਧਾਂਤ ਨੂੰ ਗੁਰੂ ਸਾਹਿਬ ਨੇ 'ਸਿਧ ਗੋਸਟਿ' ਦੀ 59ਵੀਂ ਪਾਉੜੀ ਵਿੱਚ ਹੋਰ ਵੀ ਸਪੱਸ਼ਟ ਕਰ ਦਿੱਤਾ :

**"ਸ਼ਬਦਿ ਗੁਰੂ ਭਵਸਾਗਰੁ ਤਰੀਐ,**
**ਇਤ ਉਤ ਏਕੋ ਜਾਣੈ॥**
**ਚਿਹਨੁ ਵਰਨੁ ਨਹੀ ਛਾਇਆ ਮਾਇਆ,**
**ਨਾਨਕ ਸਬਦੁ ਪਛਾਣੈ॥"**

ਸਿਰੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਹੀ ਪੰਕਤੀ ਵਿੱਚ ਫੈਸਲਾ ਸੁਣਾ ਦਿੱਤਾ। ਗੁਰਵਾਕ ਹੈ : **"ਮਨ ਰੇ, ਸਬਦਿ ਤਰਹੁ ਚਿਤੁ ਲਾਇ॥"**

ਗੁਰੂ ਸਾਹਿਬ ਦੇ ਫੈਸਲਾਕੁੰਨ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਵੀ ਅੱਜ ਬਹੁਤ ਸਾਰੇ ਸਿੱਖ 'ਸ਼ਬਦ ਗੁਰੂ' ਦਾ ਪੱਲਾ ਛੱਡ ਕੇ 'ਆਪੂ ਬਣੇ ਮਾਰਡਨ ਗੁਰੂਆਂ' ਦੀ ਪੂਛ ਪਕੜੀ ਬੈਠੇ ਹਨ। ਭੁਲੇਖੇ ਵਿੱਚ ਪਾਉਣ ਲਈ ਇਨ੍ਹਾਂ ਦੰਭੀ ਗੁਰੂਆਂ ਦੇ ਪਾਲਤੂ ਬਟੇਰਿਆਂ ਵੱਲੋਂ ਪਰਚਾਰਿਆ ਜਾਂਦਾ ਹੈ ਕਿ ਵਾਹਿਗੁਰੂ ਨਾਲ ਉਹ ਹੀ ਮਿਲਾ ਸਕਦਾ ਹੈ, ਜੋ ਉਸ ਨਾਲ ਜੁੜਿਆ ਹੋਵੇ। ਇਹ ਧਾਰਮਿਕਤਾ ਦੇ ਵੈਰੀ ਦੇਹਧਾਰੀਆਂ ਅਤੇਅਧਿਆਤਮਿਕਤਾ ਦੇ ਦੁਸ਼ਮਣ ਅਜੋਕੇ ਲੋਟੂਆਂ ਦੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਚਾਲ ਹੈ। ਸੱਚ ਤਾਂ ਇਹ ਹੈ ਕਿ 'ਗੁਰਬਾਣੀ' ਮਹਾਨ ਸਿੱਖ ਸਤਿਗੁਰਾਂ ਅਤੇ ਪਰਮਾਤਮ ਰੂਪ ਹੋਏ ਗੁਰ-ਪਰਵਾਨਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਅਤੇ ਅਭੇਦਤਾ ਦੀ ਉਪਜ ਅਥਵਾ ਅਨੁਭਵ ਹੈ। 'ਸ਼ਬਦ' ਜਿਥੇ ਵਾਹਿਗੁਰੂ-ਮਿਲਾਪ ਤੋਂ ਉਪਜੀ ਅਗੰਮੀ ਅਨਾਦੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਮਿਲਾਪ ਦੇ ਰਾਹ ਵਿੱਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੇ ਆਰੰਭ-ਕਾਲ ਤੱਕ 100 ਵਰ੍ਹਿਆਂ ਦੇ ਲੰਮੇ ਇਤਿਹਾਸ ਨੇ, ਜਦੋਂ 'ਦੇਹਧਾਰੀ ਗੁਰੂ' ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦੱਸ ਦਿੱਤਾ ਕਿ 'ਸ਼ਬਦ' ਤੋਂ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ, ਜਿਸ ਨੇ ਰੰਕਾਂ ਨੂੰ ਰਾਜੇ ਬਣਾ ਦਿੱਤਾ ਅਤੇ ਛੰਭਾਂ ਦੀਆਂ ਛੁਪਣਗਾਹਾਂ ਵਿੱਚ ਠਾਹਰਾਂ ਲੈਣ ਵਾਲੇ ਰਾਜਗੱਦੀਆਂ ਤੇ ਬਿਰਾਜਮਾਨ ਹੋਏ। 'ਸ਼ਬਦ ਗੁਰੂ' ਦੀ ਓਟ ਲੈ ਕੇ ਉਸ ਸਮੇਂ ਸਿੱਖਾਂ ਨੇ ਆਪਣੇ ਸਰੀਰਾਂ 'ਤੇ ਜਿਵੇਂ ਅਡੋਲ ਰਹਿ ਕੇ ਜੋ ਕਸ਼ਟ ਸਹਾਰੇ, ਉਹ ਆਪਣੀ ਮਿਸਾਲ ਆਪ ਹਨ। ਸ਼ਬਦ ਗੁਰੂ ਦੀ ਓਟ-ਆਸਰੇ ਰਹਿਣ ਵਾਲੇ ਸ਼ਰਧਾਲੂ ਗੁਰਸਿੱਖਾਂ ਨੂੰ ਸਮੇਂ ਦੀ ਜਾਬਰ ਹਕੂਮਤ ਵੱਲੋਂ ਚਰਖੜੀਆਂ ਤੇ ਚਾੜ੍ਹ ਕੇ ਤੂੰਬਾ ਤੂੰਬਾ ਕੀਤਾ ਗਿਆ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ, ਜੰਬੂਰਾਂ ਨਾਲ ਮਾਸ ਨੋਚਿਆ ਗਿਆ, ਹਾਥੀਆਂ ਦੀਆਂ ਸੁੰਮਾਂ ਥੱਲੇ ਲਤਾੜਿਆ ਗਿਆ, ਘੋੜਿਆਂ ਮਗਰ ਬੰਨ ਕੇ ਘੜੀਸਿਆਂ ਗਿਆ, ਅੱਧਾ ਧੜ ਧਰਤੀ ਵਿੱਚ ਗੱਡ ਕੇ ਅੱਧਾ ਤੋਪਾਂ ਨਾਲ ਉਡਾਇਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਹਾਰ ਮਾਵਾਂ ਦੇ ਗਲ ਵਿੱਚ ਪਾਏ ਗਏ, ਤਰ੍ਹਾਂ-ਤਰ੍ਹਾਂ ਦੇ ਡ੍ਰਮ-ਡਰਾਵਿਆਂ ਦੇ ਨਾਲ-ਨਾਲ ਵੱਡੇ-ਵੱਡੇ ਲੋਭ-ਲਾਲਚ ਵੀ ਦਿੱਤੇ ਗਏ, ਪ੍ਰੰਤੂ ਅਜਿਹੀ ਇੱਕ ਵੀ ਉਦਾਹਰਣ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਮਿਲਦੀ ਕਿ ਕੋਈ ਇੱਕ ਗੁਰਸਿੱਖ ਵੀ ਆਪਣੇ ਸ਼ਬਦ ਗੁਰੂ ਦੇ ਗੁਰਮਤ ਗਾਡੀ ਰਾਹ ਤੋਂ ਤਿਲਕਿਆ ਹੋਵੇ। ਏਅਰ ਕੰਡੀਸ਼ਨ ਗੱਡੀਆਂ ਝੂਟਣ ਵਾਲੇ, ਮਖਮਲੀ ਸੇਜਾਂ ਮਾਨਣ ਵਾਲੇ ਅਜੋਕੇ ਮਾਡਰਨ ਗੁਰੂ ਅਤੇ ਉਨ੍ਹਾਂ ਦੇ ਚੇਲੇ-ਚਾਟੜੇ ਤਾਂ ਅਜਿਹੇ ਕਸ਼ਟਾਂ ਦੇ ਨਾਂ-ਮਾਤਰ ਨਾਲ ਹੀ ਤ੍ਰਾਹ ਉੱਠਦੇ ਹਨ।

ਅਫਸੋਸ ! ਅਸੀਂ 'ਸ਼ਬਦ' ਦੀ ਓਟ ਛੱਡ ਚੁੱਕੇ ਹਾਂ। ਸ਼ਬਦ (ਸਿਧਾਂਤ) ਦੀ ਪੂਜਾ ਨੂੰ ਤਿਲਾਂਜਲੀ ਦੇ ਕੇ ਦੇਹਧਾਰੀ (ਸਖਸ਼ੀਅਤ) ਦੀ ਪੂਜਾ ਆਰੰਭ ਦਿੱਤੀ ਹੈ। ਸਖ਼ਸ਼ੀਅਤ (ਦੇਹ) ਦੀ ਪੂਜਾ ਹੀ ਧੜਿਆਂ ਦੀ ਜਨਮਦਾਤੀ ਹੋਇਆ ਕਰਦੀ ਹੈ। ਇਸੇ ਬਿਰਤੀ ਕਾਰਣ ਹੀ ਧੜਿਆਂ ਨੂੰ ਧਰਮ ਨਾਲੋਂ ਜ਼ਿਆਦਾ ਪਿਆਰਾ ਸਮਝਿਆ ਜਾਂਦਾ ਹੈ। ਸਾਡੀ ਸਾਰੀ ਦੀ ਸਾਰੀ ਆਪਸੀ ਖਿਚੋਤਾਣ ਦਾ ਕਾਰਣ ਸ਼ਬਦ (ਸਿਧਾਂਤ) ਦੀ ਮਾਨਤਾ ਵੱਲੋਂ ਅਵੇਸਲਾਪਨ ਹੈ।

ਲੋੜ ਹੈ, ਇਸ ਮੁਸੀਬਤਾਂ ਭਰੇ ਸਮੇਂ ਸ਼ਬਦ ਗੁਰੂ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਗਵਾਈ ਅਮਲੀ ਰੂਪ ਵਿੱਚ ਪ੍ਰਾਪਤ ਕਰੀਏ, ਜੋ ਰੰਕਾਂ ਤੋਂ ਰਾਜੇ ਬਣਾਉਣ ਦੇ ਸਮੱਰਥ ਹੈ, ਜੋ ਪਾਤਿਸ਼ਾਹਾਂ ਦਾ ਵੀ ਪਾਤਿਸ਼ਾਹ ਹੈ, ਜੋ ਦੀਨ-ਦੁਨੀ ਦਾ ਮਾਲਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਨੂੰ ਉਸੇ ਰਾਹ 'ਤੇ ਤੁਰਨਾ ਪਵੇਗਾ, ਜਿਹੜਾ ਰਾਹ ਗੁਰੂ ਸਾਹਿਬਾਨ ਨੇ ਆਪਣੀ ਅਗੰਮੀ ਜੋਤ ਅਤੇ ਵਿਸਮਾਦੀ ਜੁਗਤ ਰਾਹੀਂ ਦਰਸਾਇਆ ਹੈ। ਆਪਣੀ ਜਨਮਤ, ਦੁਰਮਤ ਅਤੇ ਅਨਮਤਾਂ ਤਿਆਗ ਕੇ ਹੀ ਬੁਲੰਦੀਆਂ ਨੂੰ ਛੂਹਿਆ ਜਾ ਸਕਦਾ ਹੈ। ਗੁਰ-ਫੁਰਮਾਨ ਹੈ :

**"ਇਤੁ ਮਾਰਗਿ ਚਲੇ ਭਾਈਅੜੇ,**
**ਗੁਰੁ ਕਹੈ ਸੁ ਕਾਰ ਕਮਾਇ ਜੀਓ॥**
**ਤਿਆਗੇਂ ਮਨ ਕੀ ਮਤੜੀ,**
**ਵਿਸਾਰੇਂ ਦੂਜਾ ਭਾਉ ਜੀਓ॥**
**ਇਉ ਪਾਵਹਿ ਹਰਿ ਦਰਸਾਵੜਾ,**
**ਨਹ ਲਗੈ ਤਤੀ ਵਾਉ ਜੀਉ॥"**

ਕੇਵਲ 'ਸ਼ਬਦ ਗੁਰੂ' ਦੀ ਓਟ ਲੈ ਕੇ ਅਸੀਂ ਸਵੈਮਾਣ ਭਰੀ ਜ਼ਿੰਦਗੀ ਜਿਊਣ ਦੇ ਸਮਰੱਥ ਹੋ ਸਕਦੇ ਹਾਂ।

ਸਤਿਗੁਰੂ ਸਾਹਿਬਾਨ ਦੇ ਸਪੱਸ਼ਟ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਜੋ ਲੋਕ ਪਾਖੰਡੀਆਂ-ਦੰਭੀਆਂ ਡੰਮੀ ਦੇਹਧਾਰੀ ਗੁਰੂਆਂ ਦੇ ਅੰਗੂਠੇ ਚੁੰਘਦੇ ਹਨ ਉਨ੍ਹਾਂ ਨੂੰ ਧੁਰ ਕੀ ਬਾਣੀ ਦੀ ਅਗੰਮੀ ਚੇਤਾਵਨੀ ਹੈ ਕਿ ਅੰਧਲੇ ਗੁਰੂਆਂ ਦੇ ਚੇਲੇ ਵੀ ਅੰਧੇ ਹੀ ਹੋਇਆ ਕਰਦੇ ਹਨ, ਉਨ੍ਹਾਂ ਨੂੰ ਜੀਵਨ ਮਨੋਰਥ ਦੀ ਪ੍ਰਾਪਤੀ ਵੀ ਨਹੀਂ ਹੋਇਆ ਕਰਦੀ ਅਤੇ ਇਸ ਸੰਸਾਰ ਵਿੱਚ ਉਨ੍ਹਾਂ ਦੀ ਆਮਦ ਵੀ ਸੁੰਞੇ ਘਰ ਵਿੱਚ ਕਾਂ ਦੇ ਗੇੜਾਂ ਮਾਰਨ ਵਰਗੀ ਹੀ ਹੈ, ਜਿਸ ਤੋਂ ਪ੍ਰਾਪਤੀ ਤਾਂ ਕੋਈ ਹੁੰਦੀ ਨਹੀਂ, ਬਲਕਿ ਪਛਤਾਵਾ ਹੀ ਪੱਲੇ ਪੈਂਦਾ ਹੈ।

ਇਸ ਪ੍ਰਥਾਇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਲਾਹੀ ਫੁਰਮਾਨ ਹੈ:

**"ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥**
**ਬਿਨੁ ਸਤਿਗੁਰ ਨਾਉ ਨ ਪਾਈਐ,**
**ਬਿਨੁ ਨਾਵੈ ਕਿਆ ਸੁਆਉ॥**
**ਆਇ ਗਇਆ ਪਛੁਤਾਵਣਾ**
**ਜਿਉ ਸੁੰਞੈ ਘਰਿ ਕਾਉ॥"**

ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਬੀ ਮਹਾਂਵਾਕਾਂ ਤੋਂ ਲਈ ਗਈ ਅਮਲੀ ਸੇਧ ਹੀ ਹਲਤ-ਪਲਤ ਦੇ ਸਾਰੇ ਸੁੱਖਾਂ ਦੀ ਕੁੰਜੀ ਹੈ...

ਬਾਬਾ ਪੂਰਨ ਦਾਸ ਜੀ ਦੇ ਬਰਸੀ ਦੇ ਸਮਾਗਮ ਨੂੰ ਸਮਰਪਿਤ

ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ
ਐਸੋਸੀਏਸ਼ਨ ਮੋਗਾ ਦੇ ਸਹਿਯੋਗ ਨਾਲ
ਡਾ. ਐਸ ਪੀ ਸਿੰਘ ਓਬਰਾਏ
ਜੀ ਦੀ ਯੋਗ ਅਗਵਾਹੀ ਹੇਠ



651ਵਾਂ ਅੱਖਾਂ ਦਾ ਵਿਸ਼ਾਲ ਚੈਕਅੱਪ ਕੈਂਪ



ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ:) ਇਕਾਈ ਮੋਗਾ ਵੱਲੋਂ

20 ਅਗਸਤ 2024 ਦਿਨ ਮੰਗਲਵਾਰ ਨੂੰ
ਡੇਰਾ ਬਾਬਾ ਪੂਰਨ ਦਾਸ ਜੀ ਪਿੰਡ ਰਾਮੂੰਵਾਲਾ ਨਵਾਂ (ਜ਼ਿਲ੍ਹਾ ਮੋਗਾ) ਵਿਖੇ

ਮੁਫਤ ਅੱਖਾਂ ਦੇ ਅਪ੍ਰੈਸ਼ਨ ਕੀਤੇ ਜਾਣਗੇ ਅਤੇ ਮੁਫਤ ਦਵਾਈਆਂ ਤੇ ਐਨਕਾਂ ਦਿੱਤੀਆਂ ਜਾਣਗੀਆ।
ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈਕਅਪ ਕੀਤਾ ਜਾਵੇਗਾ।
ਮੁੱਖ ਤੌਰ ਤੇ ਹਾਜਰ ਹੋ ਰਹੀਆਂ ਉੱਘੀਆਂ ਸਖਸ਼ੀਅਤਾ:
ਸ. ਮਨਜੀਤ ਸਿੰਘ ਬਿਲਾਸਪੁਰ (ਵਿਧਾਇਕ ਹਲਕਾ ਨਿਹਾਲ ਸਿੰਘ ਵਾਲਾ)
ਸ. ਗੁਰਪ੍ਰੀਤ ਸਿੰਘ ਮਿੰਟੂ (ਮਾਨਵਤਾ ਦੀ ਸੇਵਾ, ਹਸਨਪੁਰ ਵਾਲੇ), ਅਨਮੋਲ ਕਵਾਤਰਾ
ਹੋਰ ਹਰ ਪ੍ਰਕਾਰ ਦੀ ਜਾਣਕਾਰੀ ਵਾਸਤੇ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

| | | |
|---|---|---|
| ਗੋਕਲ ਚੰਦ ਬੁੱਘੀਪੁਰਾ<br>ਪ੍ਰਧਾਨ: ਸਰਬੱਤ ਦਾ ਭਲਾ ਟਰੱਸਟ ਮੋਗਾ<br>94647-87498 | ਅਵਤਾਰ ਸਿੰਘ ਘੋਲੀਆ<br>ਜਰਨਲ ਸਕੱਤਰ: ਸਰਬੱਤ ਦਾ ਭਲਾ ਮੋਗਾ<br>96461-14965 | ਜਗਤਾਰ ਸਿੰਘ ਜਾਨੀਆ<br>ਖਜਾਨਚੀ: ਸਰਬੱਤ ਦਾ ਭਲਾ ਮੋਗਾ<br>75891-00521 |
| ਹਰਜਿੰਦਰ ਸਿੰਘ ਚੁਗਾਵਾ<br>ਟਰੱਸਟੀ: ਸਰਬੱਤ ਦਾ ਭਲਾ ਮੋਗਾ<br>94630-82374 | ਕੁਲਵਿੰਦਰ ਸਿੰਘ ਮਖਾਣਾ<br>ਟਰੱਸਟੀ: ਸਰਬੱਤ ਦਾ ਭਲਾ ਮੋਗਾ<br>90564-02200 | ਹਰਭਿੰਦਰ ਸਿੰਘ ਜਾਨੀਆ<br>ਪ੍ਰਧਾਨ: ਰੂਰਲ ਐਨ.ਜੀ.ਓ. ਕਲੱਬਜ ਮੋਗਾ<br>79868-23304 |

| | | | |
|---|---|---|---|
| 90412-17096 | 98774-73118 | 98774-28573 | 98557-47814 |
| 94654-11239 | 98147-04083 | 99144-67512 | 98728-70024 |

ਨੋਟ: ਮਰੀਜ ਆਪਣਾ ਪਹਿਚਾਣ ਪੱਤਰ, ਆਧਾਰ ਕਾਰਡ ਨਾਲ ਲੈ ਕੇ ਆਉਣ।

# ਸਿਮਰਨ ਮਨੁੱਖ ਸ਼ਾਂਤੀ ਅਤੇ ਆਤਮਕ ਸੁੱਖ ਪ੍ਰਦਾਨ ਕਰਦਾ ਹੈ -ਸੰਤ ਬਾਬਾ ਗੁਰਦੀਪ ਸਿੰਘ ਜੀ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਦੇਸ਼ਾਂ ਵਿਦੇਸ਼ਾਂ ਵਿੱਚ ਪ੍ਰਸਿੱਧ ਮਾਲਵੇ ਦਾ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਪ੍ਰਵਚਨਾਂ ਵਿੱਚ ਸਿਮਰਨ ਦੇ ਮਹੱਤਵ ਬਾਰੇ ਰੌਸ਼ਨੀ ਪਾਈ। ਉਹਨਾਂ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਅਤੇ ਉਹ ਕਿਸੇ ਵੀ ਤਰ੍ਹਾਂ ਦੀ ਲੋੜਾਂ ਦੇ ਅਧੀਨ ਨਹੀਂ ਰਹਿੰਦਾ। ਸਿਮਰਨ ਕਰਨ ਵਾਲਾ ਕਦੇ ਵੀ ਚਿੰਤਾ ਦੇ ਵੱਸ ਨਹੀਂ ਹੁੰਦਾ। ਉਹਨਾਂ ਅੱਗੇ ਕਿਹਾ ਕਿ ਸਿਮਰਨ ਕਰਨ ਵਾਲਾ ਮਨੁੱਖ ਅਕਾਲ ਪੁਰਖ ਦੇ ਗੁਣ ਹੀ ਉਚਾਰਦਾ ਹੈ। ਉਹਨਾਂ ਨੂੰ ਸਿਫਤੀ ਸਲਾਹ ਦੀ ਆਦਤ ਪੈ ਜਾਂਦੀ ਹੈ ਅਤੇ ਉਹ ਸਹਿਜ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ। ਇਹ ਸਿਮਰਨ ਉਸ ਨੂੰ ਆਨੰਦ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ।

ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਸਮਝਾਇਆ ਕਿ ਸਿਮਰਨ ਕਰਨ ਨਾਲ ਮਨੁੱਖ ਦਾ ਮਨ ਅਡੋਲ ਰਹਿੰਦਾ ਹੈ ਸਿਮਰਨ ਦੀ ਬਰਕਤ ਨਾਲ ਉਸ ਦੇ ਹਿਰਦਾ ਫੁੱਲ ਵਾਗ ਖਿੜਿਆ ਰਹਿੰਦਾ ਹੈ। ਉਨਾਂ ਉਦਾਹਰਨ ਦਿੱਤੀ ਕਿ ਕਿਵੇਂ ਸਿਮਰਨ ਮਨੁੱਖ ਦੇ ਆਤਮਿਕ ਜੀਵਨ ਨੂੰ ਨਵੀਂ ਰੋਸ਼ਨੀ ਨਾਲ ਪ੍ਰਕਾਸ਼ ਕਰਦਾ ਹੈ ਸਿਮਰਨ ਦੇ ਫਾਇਦੇ ਸੰਗਤਾਂ ਨੂੰ ਸਮਝਾਉਂਦੇ ਹੋਏ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਅਰਦਾਸ ਕੀਤੀ ਕਿ ਹਰ ਮਨੁੱਖ ਸਿਮਰਨ ਦੀ ਮਹੱਤਤਾ ਨੂੰ ਆਪਣੇ ਜੀਵਨ ਵਿੱਚ ਅਪਣਾਵੇ ਅਤੇ ਸੱਚੇ ਸੱਚਖੰਡ ਨੂੰ ਪ੍ਰਾਪਤ ਕਰੇ। ਸਿਮਰਨ ਜੋ ਕਿ ਸਤਿਨਾਮ ਵਾਹਿਗੁਰੂ ਦੇ ਜਾਪ ਦਾ ਜਾਪ ਹੈ ਮਨ ਨੂੰ ਸ਼ਾਂਤੀ ਦਿੰਦਾ ਹੈ ਅਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਦਾ ਸਰੋਤ ਹੈ। ਸਿਮਰਨ ਦੇ ਨਾਲ ਮਨ ਵਿੱਚ ਪਵਿੱਤਰਤਾ ਆਉਂਦੀ ਹੈ ਜੋ ਅੰਦਰੂਨੀ ਸ਼ਾਂਤੀ ਨੂੰ ਜਨਮ ਦਿੰਦੀ ਹੈ। ਇਹ ਸ਼ਾਂਤੀ ਹੀ ਹੈ ਜੋ ਅਸੀਂ ਆਪਣੀ ਰੋਜਾਨਾ ਜ਼ਿੰਦਗੀ ਨੂੰ ਲੈ ਕੇ ਹੋਣੀ ਚਾਹੀਦੀ ਹੈ। ਸਿਮਰਨ ਮਨੁੱਖ ਦੇ ਮਨ ਅਤੇ ਸਰੀਰ ਨੂੰ ਸਹੀ ਰਸਤੇ ਤੇ ਲਿਆ-ਉਂਦਾ ਹੈ। ਸਿਮਰਨ ਕਰਕੇ ਮਨ ਦੀ ਦਿਲਚਸਪੀ ਭਰਮ ਦੇ ਵਿਸ਼ੇ ਤੇ ਰਾਗਾਂ ਤੋਂ ਹਟ ਕੇ ਸੱਚੇ ਮਾਰਗ ਤੇ ਆਉਂਦੀ ਹੈ।

ਸੰਤ ਬਾਬਾ ਗੁਰਦੀਪ ਸਿੰਘ ਜੀ ਕਹਿੰਦੇ ਹਨ ਕਿ ਸਿਮਰਨ ਸਾਡੇ ਜੀਵਨ ਨੂੰ ਸਹੀ ਰਸਤੇ ਤੇ ਲਿਆਉਂਦਾ ਹੈ ਅਤੇ ਸਮਾਜਿਕ ਕੁਰੀਤੀਆਂ ਜਿਵੇਂ ਕਿ ਨਸ਼ਾ, ਹਿੰਸਾ ਅਤੇ ਦੂਸਰੇ ਦੁਸਕਰਮਾਂ ਤੋਂ ਬਚਾਉਂਦਾ ਹੈ। ਸਧਾਰਨ ਤੌਰ ਤੇ ਸਿਮਰਨ ਮਨੁੱਖ ਨੂੰ ਸ਼ਾਂਤੀ ਅਤੇ ਆਤਮਕ ਸੁੱਖ ਪ੍ਰਦਾਨ ਕਰਦਾ ਹੈ। ਇਹ ਉਸ ਨੂੰ ਸਮਾਜ ਵਿੱਚ ਇੱਕ ਵਧੀਆ ਜੀਵਨ ਬਿਤਾਉਣ ਲਈ ਸਹਾਇਕ ਹੈ ਅਤੇ ਸਮਾਜ ਕਰੀਤੀਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦਾ ਹੈ।

# ਸਾਡਾ ਵਾਤਾਵਰਨ ਸਾਡਾ ਸਭ ਤੋਂ ਵੱਡਾ ਧਨ ਹੈ ਇਸ ਕਰਕੇ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ -ਸੰਤ ਬਾਬਾ ਗੁਰਦੀਪ ਸਿੰਘ ਜੀ

ਮੋਗਾ/ ਭਵਨਦੀਪ ਸਿੰਘ ਪੁਰਬਾ



ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲਿਆਂ ਨੇ ਵਾਤਾਵਰਨ ਦੀ ਸੁਰੱਖਿਆ ਅਤੇ ਸੰਭਾਲ ਲਈ ਸੰਗਤਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਪੌਣ, ਪਾਣੀ ਅਤੇ ਧਰਤੀ ਨੂੰ ਬਚਾਉਣ ਲਈ ਬੂਟਿਆਂ ਦਾ ਲਗਾਉਣਾ ਬਹੁਤ ਜ਼ਰੂਰੀ ਹੈ। ਬਾਬਾ ਜੀ ਨੇ ਕਿਹਾ ਕਿ ਬੂਟਿਆਂ ਦੇ ਲਗਾਉਣ ਨਾਲ ਹਵਾ ਸਾਫ ਰਹਿੰਦੀ ਹੈ ਅਤੇ ਇਹ ਮਿੱਟੀ ਦੀ ਉਪਜਾਊ ਤਾਕਤ ਨੂੰ ਵੀ ਵਧਾਉਂਦੇ ਹਨ। ਉਨ੍ਹਾਂ ਸੰਗਤਾਂ ਨੂੰ ਇਸੇ ਸੰਬੰਧੀ ਚੇਤਾਵਨੀ ਦਿੱਤੀ ਕਿ ਸਾਡਾ ਵਾਤਾਵਰਨ ਤੇਜ਼ੀ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਇਸ ਦੀ ਸੰਭਾਲ ਲਈ ਸਾਨੂੰ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਹਰ ਇਨਸਾਨ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਇਸ ਮੁਹਿੰਮ ਨੂੰ ਇੱਕ ਵੱਡਾ ਕਦਮ ਕਰਾਰ ਦਿੱਤਾ ਅਤੇ ਸਾਰਿਆਂ ਨੂੰ ਇਸ ਵਿਚ ਬੜੀ ਗਿਣਤੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ।

ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਇਹ ਵੀ ਕਿਹਾ ਕਿ ਗੁਰੂ ਦੀ ਬਾਣੀ ਵੀ ਸਾਨੂੰ ਵਾਤਾਵਰਨ ਦੇ ਸਿਧਾਂਤ ਸਮਝਾਉਂਦੀ ਹੈ। ਇਹ ਸਬਕ ਸਾਨੂੰ ਸਿਖਾਉਂਦਾ ਹੈ ਕਿ ਹਵਾ, ਪਾਣੀ ਅਤੇ ਧਰਤੀ ਸਾਡੇ ਜੀਵਨ ਦੇ ਮੁੱਖ ਅੰਗ ਹਨ ਅਤੇ ਸਾਡੇ ਲਈ ਪਵਿੱਤਰ ਹਨ। ਇਸੇ ਲਈ ਸਾਨੂੰ ਇਨ੍ਹਾਂ ਦੀ ਸੁਰੱਖਿਆ ਕਰਨ ਦੀ ਬਹੁਤ ਜ਼ਰੂਰਤ ਹੈ। ਇਸ ਦੇ ਨਾਲ ਹੀ ਬਾਬਾ ਜੀ ਨੇ ਆਮ ਲੋਕਾਂ ਨੂੰ ਪੌਣ, ਪਾਣੀ ਅਤੇ ਧਰਤੀ ਨੂੰ ਬਚਾਉਣ ਲਈ ਹੋਰ ਵੀ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸਾਡਾ ਵਾਤਾਵਰਨ ਸਾਡਾ ਸਭ ਤੋਂ ਵੱਡਾ ਧਨ ਹੈ, ਜਿਸਦੀ ਸੰਭਾਲ ਸਾਡੀ ਸਾਂਝੀ ਜ਼ਿੰਮੇਵਾਰੀ ਹੈ।




# ਸਾਧਣੀ ਦੇ ਡੇਰੇ ਦੁਪਹਿਰੇ ਦੁੱਧ ਰਿੜਕੇ

ਹਰਪਿੰਦਰ ਰਾਣਾ

ਸਾਡੇ ਸੱਭਿਆਚਾਰ ਦੇ ਲੋਕ ਗੀਤਾਂ ਵਿਚਲੇ ਵਿਆਹ ਵਾਲਾ ਰੰਗ ਹੁਣ ਭਾਵੇਂ ਪੈਲੇਸ ਸੱਭਿਆਚਾਰ ਦੀ ਭੇਂਟ ਚੜ੍ਹ ਚੁੱਕਿਆ ਹੈ ਪ੍ਰੰਤੂ ਹਾਲੇ ਵੀ ਮਾਲਵੇ ਦੇ ਕਈ ਪਿੰਡਾਂ ਵਿਚ ਕੋਈ ਨਾ ਕੋਈ ਪੁਰਾਣੀ ਝਲਕ ਵੇਖਣ ਨੂੰ ਮਿਲ ਜਾਂਦੀ ਹੈ। ਜਦੋਂ ਔਰਤਾਂ ਬਾਰਾਤ ਨਾਲ ਨਹੀਂ ਸਨ ਜਾਂਦੀਆਂ ਤਾਂ ਬਾਰਾਤ ਢੁੱਕਣ ਤੋਂ ਬਾਅਦ ਖਾ ਪੀ ਕੇ ਵਿਹਲੀਆਂ ਹੋਈਆਂ ਨਾਨਕੀਆਂ ਸਾਧ-ਸਾਧਣੀ ਦਾ ਸਾਂਗ ਬਣਾ ਕੇ ਸਾਰੇ ਪਿੰਡ ਵਿਚ ਗੇੜਾ ਦਿੰਦੀਆਂ ਸਨ ਅਤੇ ਸ਼ਰੀਕੇ ਦੇ ਘਰਾਂ ਵਿਚ ਜਾਂਦੀਆਂ ਅਤੇ ਗਿੱਧਾਂ ਪਾ ਕੇ ਖੂਬ ਰੰਗ ਬੰਨ੍ਹ ਦਿੰਦੀਆਂ ਸਨ ਇਸ ਤਰ੍ਹਾਂ ਵਿਆਹ ਸਾਰੇ ਪਿੰਡ ਵਿਚ ਹੀ ਹੁੰਦਾ ਸੀ।

ਸਾਧ ਦਾ ਸਾਂਗ ਕਰਨ ਵਾਲੀ ਮੇਲਣ ਫੁਲਕਾਰੀ ਦੀ ਗਿਲਤੀ ਮਾਰ ਕੇ, ਨਕਲੀ ਦਾੜ੍ਹੀ-ਮੁੱਛਾਂ ਲਾ ਕੇ ਗਲ ਵਿਚ ਕੋਈ ਮਾਲਾ ਪਾ ਕੇ ਸਿਰ ਤੇ ਪੱਗ ਦਾ ਮੜ੍ਹਾਸਾ ਜਿਹਾ ਮਾਰ ਲੈਂਦੀ ਅਤੇ ਸਾਧਣੀ ਦਾ ਸਾਂਗ ਕਰਨ ਵਾਲੀ ਮੇਲਣ ਵੀ ਆਪਣੇ ਵਾਲ ਖੋਲ੍ਹ ਕੇ ਮੋਢਿਆਂ 'ਤੇ ਖਿਲਾਰ ਲੈਂਦੀ। ਉਵੇਂ ਹੀ ਫੁਲਕਾਰੀ ਦੀ ਗਿਲਤੀ ਜਿਹੀ ਮਾਰ ਲੈਂਦੀ ਅਤੇ ਹੱਥ ਵਿਚ ਚਿਮਟਾ ਚੁੱਕ ਲੈਂਦੀ। ਬਾਕੀ ਦੀਆਂ ਮੇਲਣਾ ਮਗਰ ਮਗਰ ਤੁਰ ਪੈਂਦੀਆਂ ਤੇ ਫਿਰ ਹੋ ਜਾਂਦਾ ਸ਼ੁਰੂ ਪੰਜਾਬੀ ਲੋਕ ਰੰਗ:-

**ਸਾਧ ਜਟੂਰੀਆਂ ਵਾਲੇ ਬਿੱਲੋ ਨੀ ਤੇਰੇ ਬਾਰ ਖੜੇ।**
**ਸਾਧਾਂ ਨੂੰ ਭਿੱਛਿਆ ਪਾ ਦੇ ਸਾਧੂ ਨੀ ਤੇਰੇ ਬਾਰ ਖੜ੍ਹੇ।**

ਬਾਕੀ ਮੇਲਣਾਂ ਗੀਤ ਨੂੰ ਲੈਅ ਨਾਲ ਚੁੱਕਦੀਆਂ ਤਾਂ ਘਰਾਂ ਦੀਆਂ ਤ੍ਰੀਮਤਾਂ ਵੀ ਬੂਹਿਆਂ ਆ ਖੜ੍ਹਦੀਆਂ। ਕੋਈ ਮਨਚਲੀ ਜੇਕਰ ਫਿਕਰਾ ਕੱਸਦੀ, "ਨੀ ਕੀ ਮੰਗਦੇ ਆ ਸਾਧ ਜਟੂਰੀਆਂ ਕੜਕਦਾਰ ਜਵਾਬ ਦਿੰਦਿਆਂ :-

**ਕਣਕ ਨੀ ਮੰਗਦੇ ਛੋਲੇ ਨੀ ਮੰਗਦੇ**
**ਬੇਬੇ ਦੀ ਭਿਛਿਆ ਪਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਤੇ ਜਾਂ ਫਿਰ ਹੋਰ ਕੋਈ ਜਵਾਬ ਦਿੰਦੀ।

**ਆਉਂਦੀ ਕੁੜੀਏ, ਜਾਂਦੀ ਕੁੜੀਏ,**
**ਸਾਧਾਂ ਨੂੰ ਭਿੱਛਿਆ ਪਾ ਦੇ**
**ਕਣਕ ਨਹੀਂ ਮੰਗਦੇ ਛੋਲੇ ਨੀ ਮੰਗਦੇ**
**ਭੈਣਾਂ ਦੀ ਬਾਂਹ ਫੜਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਸ਼ਰੀਕੇ ਵਾਲੇ ਘਰ ਅਕਸਰ ਦਾਦਕਾਵਾਂ ਮੇਲ ਵਿਚ ਗਿਣੇ ਜਾਂਦੇ, ਇਨ੍ਹਾਂ ਦੇ ਘਰਾਂ ਵਿਚ ਸਾਧ-ਸਾਧਣਾ ਜਾਂਦੇ। ਉਹ ਔਰਤਾਂ ਵੀ ਅੱਗੋਂ ਬੋਲੀਆਂ ਵਿਚ ਹੀ ਮੋੜ ਜਵਾਬ ਦਿੰਦੀਆਂ:

**ਸਾਧਾ ਵੇ ਤੇਰੀ ਸਾਧਣੀ ਪਕੌੜਿਆਂ ਪਿੱਛੇ ਰੁੱਸੀ**
**ਸਾਧਾ ਵੇ ਤੇਰੀ ਸਾਧਣੀ।**

ਤੇ ਜਾਂ ਫਿਰ ਨਾਨਕੇ ਮੇਲ ਦੀ ਸਾਧ-ਸਾਧਣੀ ਵੱਲੋਂ ਪਾਈ ਕਿਸੇ ਚੁੱਭਵੀਂ ਬੋਲੀ ਦੇ ਬਵਾਜ ਵਿਚ ਕਹਿੰਦੀਆਂ:

**ਕਿੱਥੇ ਜਾਏਗਾ ਬੁਬਨਿਆ ਸਾਧਾ**
**ਵੇ ਛੇੜ ਕੇ ਭਰਿੰਡ ਰੰਗੀਆਂ।**

ਪਰ ਸਾਂਗਧਾਰੀ ਮੇਲਣਾ ਕਿਹੜਾ ਕਿਸੇ ਤੋਂ ਘੱਟ ਹੁੰਦੀਆਂ ਹਨ। ਉਹ ਵੀ ਘੜੇ ਘੜਾਏ ਜਵਾਬ ਦਿੰਦੀਆਂ:

**ਜੇ ਕੁੜੀਏ ਤੈਨੂੰ ਨੱਚਣਾ ਨੀ ਆਉਂਦਾ**
**ਗੁੜ ਦੀ ਵੰਡ ਦੇ ਭੇਲੀ**
**ਨੱਚਣਾ ਸਿਖਾ ਦਿਆਂਗੇ ਬਣ ਜਾ ਸਾਧ ਦੀ ਚੇਲੀ।**

ਪਰ ਜ਼ਿਆਦਾਤਰ ਬੋਲੀਆਂ ਸਾਧ-ਸਾਧਣੀ 'ਤੇ ਹੀ ਪਾਈਆਂ ਜਾਂਦੀਆਂ ਜਿਵੇਂ:

**'ਵੇ ਸਾਧਾ ਪੀ ਲੈ ਕਮੰਡਲੀ ਸ਼ਰਬਤ ਦੀ।'**

ਸਾਧਣੀ ਬਣੀ ਮੇਲਣ ਬੋਲੀ ਪਾਉਂਦੀ-

**ਜਿੰਦੋਂ ਦੀ ਮੈਂ ਹੋ ਗਈ ਸਾਧਣੀ**
**ਪਊਏ ਰੱਖਦੀ ਘੁੰਗਰਿਆਂ ਵਾਲੇ**
**ਬਈ ਜਿੰਦੋਂ ਦੀ ਮੈਂ ਹੋ ਗੀ ਸਾਧਣੀ।**

ਕਾਫੀ ਸੇਰ ਘਰਾਂ ਵਿਚ ਜਾਂਦੀਆਂ ਔਰਤਾਂ ਹਰ ਘਰ ਵਿਚ ਜਾ ਕੇ ਨਵੀਆਂ ਬੋਲੀਆਂ ਪਾਉਂਦੀਆਂ। ਇੰਝ ਲੱਗਦਾ ਜਿਵੇਂ ਉਨ੍ਹਾਂ ਦੇ ਅੰਦਰ ਬੋਲੀਆਂ ਦਾ ਦਰਿਆ ਵਗਦਾ ਹੋਵੇ। ਕਈ ਔਰਤਾਂ ਤਾਂ ਖੜ੍ਹੀਆਂ-ਖੜ੍ਹੀਆਂ ਹੀ ਬੋਲੀ ਜੋੜ ਲੈਂਦੀਆਂ ਜਿਵੇਂ:

**'ਸਾਧਣੀ ਦੇ ਡੇਰੇ, ਦੁਪਹਿਰੇ ਦੁੱਧ ਰਿੜਕੇ।**
**'ਸਾਧਣੀ ਦੇ ਡੇਰੇ, ਘਮ ਮਧਾਈ ਵੱਜੇ।**

ਤਾਂ ਸਾਰੇ ਗਰੁੱਪ ਵਿਚ ਹਾਸੜ ਮੱਚ ਜਾਂਦੀ। ਫਿਰਨੀ ਫਿਰਨੀ ਤੁਰਦੀਆਂ ਜਾਂ ਇਕ ਘਰ ਤੋਂ ਦੂਜੇ ਘਰ ਜਾਂਦੀਆਂ ਉਹ ਰਾਹ ਚਲਦਿਆਂ ਨੂੰ ਵੀ ਮਸ਼ਕਰੀਆਂ ਕਰਦੀਆਂ:

**ਕਹਿੰਦੇ ਪਿੰਡ ਬੜਾ ਸਰਦਾਰ**
**ਨੀ ਦਰਵਾਜ਼ਾ ਹੈ ਨੀ।**
**ਇਹ ਤਾਂ ਬਹਿਣ ਕੌਲਿਆਂ ਨਾਲ**
**ਨੀ ਦਰਵਾਜ਼ਾ ਹੈ ਨੀ।**

ਸਾਰੇ ਪਿੰਡ ਵਿਚ ਹਾਸੇ ਦੀਆਂ ਖਿੱਲਾਂ ਖਲਾਰਦਾ ਇਹ ਸਾਧ-ਸਾਧਣੀ ਦਾ ਗਰੁੱਪ ਟਿੱਚਰਾਂ ਕਰਦਾ ਤੁਰਿਆ ਜਾਂਦਾ। ਨੌਜਵਾਨਾਂ ਦੀ ਕੋਈ ਟੋਲੀ ਦੇਖ ਕੇ ਬੋਲੀ ਪਾ ਦਿੰਦਾ :

**ਸੱਚ ਦੇ ਬਚਨ ਵਿਚ ਦੋਹਣੇ**
**ਬਈ ਇਥੋਂ ਦਿਆਂ ਮੁੰਡਿਆਂ ਤੋਂ**
**ਸਾਡੀ ਕੁੱਤੀ ਦੇ ਕਤੂਰੇ ਸੋਹਣੇ।**

ਵਿਹਲੜ ਅਧਖੜਾਂ ਦੀ ਢਾਣੀ ਨੂੰ ਵੇਖ ਕੇ ਇਹ ਔਰਤਾਂ ਬੋਲੀ ਚੁੱਕਦੀਆਂ:

**ਆਉਂਦੀ ਕੁੜੀਏ ਜਾਂਦੀ ਕੁੜੀਏ**
**ਚੁੱਕ ਲਿਆ ਟੋਕਰਾ ਨੜਿਆਂ ਦਾ**
**ਕਿਥੇ ਲਾਹੇਂਗੀ, ਨੀ ਕਿੱਥੇ ਲਾਹੇਂਗੀ**
**ਇਹ ਪਿੰਡ ਛੜਿਆਂ ਦਾ।**

ਹਰ ਪਿੰਡ ਵਿਚ ਬਾਣੀਏ ਦੀ ਹੱਟੀ ਤਾਂ ਜ਼ਰੂਰ ਹੁੰਦੀ ਸੀ। ਬਾਣੀਏ ਦਾ ਜ਼ਿਕਰ ਖਾਸ ਕਰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਜ਼ਰੂਰ ਆਉਂਦਾ:

**ਬੱਲੇ ਬੱਲੇ ਬਈ ਹੱਟੀ ਵਿਚ ਸ਼ੇਰ ਬਾਣੀਆ**
**ਬਾਹਰ ਨਿਕਲੇ ਗਿੱਦੜ ਬਣ ਜਾਵੇ।**

ਤੇ ਮਗਰੇ ਹੀ ਕੋਈ ਹੋਰ ਜਣਾ ਤੁਕ ਨਾਲ ਤੁਕ ਮਿਲਾ ਦਿੰਦੀ:

**ਸੱਚ ਦੇ ਬਚਨ ਵਿਚ ਆਨਾ**
**ਬਈ ਬਾਣੀਏ ਤੋਂ ਡੱਡ ਮਰਗੀ**
**ਹੁਣ ਕੌਣ ਭਰੂ ਹਰਜਨਾ।**

ਮਸਤ ਹੋਈਆਂ ਮੇਲਣਾ ਹਾਸੇ ਠੱਠੇ ਵਿਚ ਤਾਂ ਕਿਸੇ ਬਜ਼ੁਰਗ ਨੂੰ ਵੀ ਨਾ ਬਖਸ਼ਦੀਆਂ:

**ਡੋਲ ਖੂਹੀ ਤੋਂ ਲਿਆਂਦੇ ਭਰ ਕੇ**
**ਬੁੜ੍ਹੇ ਨੂੰ ਲੈ ਗੀ ਇੱਲ ਚੁੱਕ ਕੇ**
**ਬੁੜ੍ਹੀ ਵੇਖਦੀ ਮੱਥੇ 'ਤੇ ਹੱਥ ਧਰਕੇ।**

ਇਸ ਸਾਂਗ ਘਰ ਦੇ ਖਲਜਗਣਾਂ ਕੰਮਾਂ ਕਾਰਾਂ ਤੋਂ ਲਾਂਭੇ ਹੋ ਕੇ ਘਰ ਦੇ ਮਰਦਾਂ ਦੀ ਗੈਰ-ਹਾਜ਼ਰੀ ਵਿਚ ਔਰਤਾਂ ਲਈ ਚੰਗੇ ਸ਼ੁਗਲ ਮੇਲੇ ਦਾ ਸਾਧਨ ਵੀ ਸੀ।

---

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

011

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਛੋਲਿਆਂ ਦੀਆਂ ਭੁੰਨੀਆਂ ਹਰੀਆਂ ਫਲੀਆਂ ਨੂੰ 'ਹੋਲਾਂ' ਕਹਿੰਦੇ ਹਨ।
02. 'ਖੱਖੜੀ' ਇਕ ਖਾਣ ਵਾਲੀ ਵਸਤੂ ਹੈ ਜੋ ਖਰਬੂਜੇ ਦੀ ਕਿਸਮ ਵਿਚੋਂ ਹੈ। ਇਸ ਦਾ ਆਕਾਰ ਲੰਬਾਈ ਵਿੱਚ ਹੁੰਦਾ ਹੈ।



03. ਸਮਾਨ ਜਾਂ ਰਾਸ਼ਨ ਦੀ ਸਮੱਗਰੀ ਨੂੰ 'ਰਸਦ' ਕਿਹਾ ਜਾਦਾ ਹੈ।
04. ਖਾਲਕ ਜਾਂ ਸ਼ੁਧ ਚੀਜ਼ ਨੂੰ 'ਨਿਰੋਲ' ਕਹਿੰਦੇ ਹਨ
05. ਖੀਰ ਅਤੇ ਚੌਲ ਆਦਿ ਬਣਾਉਣ ਸਮੇਂ ਜੋ ਭਾਂਡੇ ਦੇ ਨਾਲ ਲੱਗੀ ਰਹਿ ਜਾਦੀ ਹੈ ਉਸ ਖੁਰਚਨ ਨੂੰ 'ਘਰੋੜੀ' ਆਖਦੇ ਹਨ।
06. 'ਦਾਰੂ' ਸ਼ਬਦ ਦਵਾਈ ਲਈ ਵੀ ਵਰਤਿਆ ਜਾਦਾ ਹੈ ਅਤੇ ਦਾਰੂ ਸ਼ਰਾਬ ਨੂੰ ਵੀ ਕਿਹਾ ਜਾਦਾ ਹੈ।
07. ਪੀਸੀ ਹੋਈ ਦਵਾਈ ਨੂੰ 'ਫੱਕੀ' ਕਿਹਾ ਜਾਦਾ ਹੈ।
08. ਪਾਣੀ ਦੇ ਜ਼ੋਰ ਨਾਲ ਚੱਲਣ ਵਾਲੀ ਆਟਾ ਚੱਕੀ ਨੂੰ 'ਘਰਾਟ' ਕਹਿੰਦੇ ਹਨ।
09. ਸਾਗ ਵਿਚ ਪਾਇਆ ਜਾਣ ਵਾਲਾ ਮੱਕੀ ਦਾ ਆਟਾ ਜਿਸ ਨਾਲ ਸਾਗ ਵਧੀਆ ਘੁਲ ਜਾਂਦਾ ਹੈ ਉਸ ਨੂੰ 'ਆਲਣ' ਕਹਿੰਦੇ ਹਨ।



10. ਜੋ ਪਸ਼ੂ ਦੁੱਧ ਦਿੰਦਾ ਹੈ ਉਸ ਨੂੰ ਲਵੇਰਾ ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

---

# ਮਹੀਨਿਆਂ ਦਾ ਨਗੀਨਾ.... ਸਾਉਣ ਮਹੀਨਾ

-ਡਾ. ਸਰਬਜੀਤ ਕੌਰ ਬਰਾੜ ਮੋਗਾ। ਸੰਪਰਕ: 79866-52927

ਪੰਜਾਬ ਦੇ ਦੇਸੀ ਮਹੀਨਿਆਂ ਵਿਚ ਸਾਵਣ ਪੰਜਵਾਂ ਮਹੀਨਾ ਹੈ। ਇਹ ਚਾਵਾਂ-ਮਲਾਰਾਂ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਕੜਕਦੀਆਂ ਧੁਪਾਂ ਤੇ ਲੂ ਤੋਂ ਬਾਅਦ ਇਹ ਮਹੀਨਾ ਠੰਢੀ ਮਿੱਠੀ ਰੁਣ-ਝੁਣ ਲੈ ਕੇ ਆਉਂਦਾ ਹੈ। ਇਸ ਨਾਲ ਜਿੱਥੇ ਤਨ ਤੇ ਮਨ ਠਰਦਾ ਹੈ ਓਥੇ ਫਸਲਾਂ ਵੀ ਖੁਸ਼ੀ ਨਾਲ ਝੂਮ ਉਠਦੀਆਂ ਹਨ। ਬਾਗ਼ੀਂ ਕੋਇਲਾਂ ਕੂਕਦੀਆਂ ਨੇ ਅਤੇ ਮੋਰ ਪਹਿਲਾਂ ਪਾਉਂਦੇ ਹਨ ਤੇ ਨਵ-ਵਿਆਹੀਆਂ ਮੁਟਿਆਰਾਂ ਜਦੋਂ ਸਜ ਧਜ ਕੇ ਬਾਹਰ ਨਿਕਲਦੀਆਂ ਹਨ ਤਾਂ ਉਨਾਂ ਦੇ ਪੈਰ ਜਮੀਨ ਤੇ ਨਹੀਂ ਲੱਗਦੇ। ਪੰਜਾਬਣਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਹੁੰਦਾ। ਚਿਰਾਂ ਬਾਅਦ ਸਹੇਲੀਆਂ ਮਿਲਦੀਆਂ ਹਨ ਤਾਂ ਇਸ ਬੋਲੀ ਨਾਲ ਪਿੜ ਝੂਮ ਉੱਠਦਾ:

ਸਾਉਣ ਮਹੀਨਾ ਦਿਨ ਗਿੱਧੇ ਦੇ
ਸੱਭੇ ਸਹੇਲੀਆਂ ਆਈਆਂ
ਨੀ ਸੰਤੋ ਬੰਤੋ ਸਕੀਆਂ ਭੈਣਾਂ
ਸੰਤੋ ਬੰਤੋ ਸਕੀਆਂ ਭੈਣਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ
ਖੂਬ ਰੌਣਕਾਂ ਲਾਈਆਂ
ਗਿੱਧਾ ਪਾ ਰਹੀਆਂ
ਨਣਦਾਂ ਤੇ ਭਰਜਾਈਆਂ
ਗਿੱਧਾ ਪਾ ਰਹੀਆਂ"



ਸਾਉਣ ਮਹੀਨੇ ਵਿਚ ਦੋ ਤਿਉਹਾਰ ਮੁੱਖ ਤੌਰ ਤੇ ਮਨਾਏ ਜਾਂਦੇ ਹਨ। ਇਕ 'ਤੀਆਂ' ਅਤੇ ਦੂਸਰੀ 'ਰੱਖੜੀ' ਪਹਿਲੇ ਸਮਿਆਂ ਵਿੱਚ ਤੀਆਂ ਦੇ ਦਿਨਾਂ ਵਿੱਚ ਪਿਤਾ ਜਾਂ ਭਰਾ ਕੁੜੀ ਨੂੰ ਸਹੁਰਿਆਂ ਤੋਂ ਲੈਣ ਜਾਣ ਵੇਲੇ ਕੱਪੜੇ, ਫ਼ਲ ਅਤੇ ਮਠਿਆਈਆਂ ਆਦਿ ਲੈ ਕੇ ਜਾਂਦੇ ਸਨ। ਸਹੁਰਿਓਂ ਤੋਂ ਵੀ ਜਦੋਂ ਕੋਈ ਲੈਣ ਆਉਂਦੇ ਤਾਂ ਉਹ ਵੀ ਬਹੁਤ ਕੁਝ ਲੈ ਕੇ ਆਉਂਦੇ, ਜਿਸ ਨੂੰ 'ਸੰਧਾਰਾ' ਆਖਦੇ ਹਨ। ਜੇਕਰ ਕਿਸੇ ਦਾ ਵੀਰ ਲੈਣ ਨਾ ਆਉਂਦਾ ਤਾ ਓਸ ਨੂੰ ਬੋਲੀ ਪਾ ਕੇ ਛੇੜਿਆ ਜਾਂਦਾ। ਇੱਥੇ ਇਸ ਨੂੰ ਲੈਕੇ ਇੱਕ ਬੋਲੀ ਵੀ ਪ੍ਰਚੱਲਿਤ ਹੈ

"ਤੈਨੂੰ ਤੀਆਂ ਤੇ ਲੈਣ ਨਾ ਆਏ ਬਹੁਤਿਆਂ ਭਰਾਵਾਂ ਵਾਲੀਏ"

ਸਾਉਣ ਮਹੀਨੇ ਵਿੱਚ ਦੁੱਧ ਦੀਆਂ ਖੀਰਾਂ ਅਤੇ ਗੁੜ ਦੇ ਪੂੜੇ ਅਤੇ ਸੇਂਵੀਆਂ ਬਣਾਈਆਂ ਜਾਂਦੀਆਂ ਹਨ। ਨਵ-ਵਿਆਹੀਆਂ ਮੁਟਿਆਰਾਂ ਰਲ ਮਿਲ ਕੇ ਪੀਘਾਂ ਝੂਟਦੀਆਂ ਤੇ ਗਿੱਧੇ ਦੇ ਪਿੜ ਵਿੱਚ ਖੂਬ ਲੁੱਡੀ ਪਾਉਂਦੀਆਂ ਹਨ। ਰੱਖੜੀ ਵਾਲੇ ਦਿਨ ਸਵੇਰੇ ਸਵੇਰੇ ਨਹਾ-ਧੋ ਕੇ ਆਪਣੇ ਵੀਰਾਂ ਨੂੰ ਰੱਖੜੀ ਬੰਨ੍ਹਦੀਆਂ ਤੇ ਮੂੰਹ ਮਿੱਠਾ ਕਰਾਉਂਦੀਆਂ ਹਨ। ਆਪਣੇ ਵੱਡਿਆਂ ਨੂੰ ਵੀ ਰੱਖੜੀ ਬੰਨ੍ਹਦੀਆਂ ਅਤੇ ਚੜ੍ਹਦੀ ਕਲਾ ਦੀਆਂ ਅਰਦਾਸਾਂ ਕਰਦੀਆਂ ਅਤੇ ਬਜੁਰਗਾਂ ਕੋਲੋਂ ਅਸੀਸਾਂ ਤੇ ਪਿਆਰ ਪ੍ਰਾਪਤ ਕਰਦੀਆਂ ਹਨ।ਅੱਜ-ਕਲ੍ਹ ਇਹ ਰੀਤੀ ਰਿਵਾਜ ਨਾ ਹੋਣ ਦੇ ਬਰਾਬਰ ਹਨ। ਸਿਰਫ ਟੀ ਵੀ ਤੇ ਹੀ ਦਿਖਾਈ ਦੇ ਰਹੇ ਹਨ ਜਾਂ ਸੋਸਲ ਮੀਡੀਆ ਰਾਹੀਂ ਦਿਖਾਏ ਜਾਂਦੇ ਹਨ। ਹਾਂ ਕੁਝ ਸੰਸਥਾਵਾਂ ਵਲੋਂ ਕਰਵਾਏ ਜਾ ਰਹੇ ਇਹਨਾ ਰੀਤੀ ਰਿਵਾਜ਼ਾਂ ਨੂੰ ਮੁੜ ਸੁਰਜੀਤ ਕਰਨ ਲਈ ਸਮਾਗਮ ਕਰਵਾਏ ਜਾਂਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਾਇਆ ਜਾਂ ਸਕੇ ਤਾਂ ਕਿ ਅਸੀਂ ਆਪਣੇ ਵਿਰਸੇ ਨਾਲ ਜੁੜੇ ਰਹਿ ਸਕੀਏ।




# ਟੋਰਾਂਟੋ ਦੀ ਡਾਕ ਸੇਵਾ

ਭਵਨਦੀਪ ਸਿੰਘ ਪੁਰਬਾ

ਟੋਰਾਂਟੋ ਦੀ ਡਾਕ ਸੇਵਾ ਇੱਕ ਵੱਖਰੇ ਢੰਗ ਦੀ ਹੈ। ਇਥੇ ਡਾਕੀਆਂ (ਪੋਸਟਮੈਨ) ਘਰਾਂ ਵਿੱਚ ਆ ਕੇ ਡਾਕ ਨਹੀਂ ਵੰਡਦਾ। ਇੱਥੇ ਕੁੱਝ ਘਰਾ ਦਾ ਇਕੱਠਾ ਲੈਟਰ ਬਾਕਸ ਲੱਗਾ ਹੁੰਦਾ ਹੈ। ਉਸ ਵਿੱਚ ਅੱਗੇ ਛੋਟੇ-ਛੋਟੇ 20-25 ਬਾਕਸ ਹੁੰਦੇ ਹਨ ਅਤੇ ਇੱਕ ਵੱਡਾ ਬਾਕਸ ਤੇ ਇੱਕ ਮੀਡੀਅਮ ਬਣਿਆ ਹੁੰਦਾ ਹੈ। ਹਰ ਘਰ ਦਾ ਵੱਖਰਾ-ਵੱਖਰਾ ਬਾਕਸ ਹੁੰਦਾ ਹੈ ਉਸ ਦੀ ਚਾਬੀ ਮਕਾਨ ਮਾਲਕ ਕੋਲ ਹੁੰਦੀ ਹੈ ਜਦੋਂ ਕਿਸੇ ਦਾ ਟਾਈਮ ਲੱਗਦਾ ਹੈ ਉਹ ਆਪਣਾ ਬਾਕਸ ਚੈਕ ਕਰ ਕੇ ਆਪਣੀ ਡਾਕ ਲੈ ਆਉਂਦਾ ਹੈ।

ਜੇਕਰ ਕਿਸੇ ਦੀ ਡਾਕ ਜਾ ਪਾਰਸਲ ਵੱਡਾ ਹੋਵੇ ਤਾਂ ਉਹ ਡਾਕ ਜਾ ਪਾਰਸਲ ਸਾਈਜ ਮੁਤਾਬਕ ਮੀਡੀਅਮ ਤੇ ਵੱਡੇ ਬਾਕਸ ਵਿੱਚ ਪਾ ਦਿੱਤਾ ਜਾਦਾ ਹੈ ਅਤੇ ਉਸ ਦੀ ਚਾਬੀ ਸਬੰਧਤ ਵਿਅਕਤੀ ਦੇ ਬਾਕਸ ਵਿੱਚ ਰੱਖ ਦਿੱਤੀ ਜਾਦੀ ਹੈ। ਜਿਸ ਵਿਅਕਤੀ ਦਾ ਉਹ ਡਾਕ ਜਾ ਪਾਰਸਲ ਹੁੰਦਾ ਹੈ ਉਹ ਚਾਬੀ ਨਾਲ ਮੀਡੀਅਮ ਜਾ ਵੱਡਾ ਬਾਕਸ ਖੋਲ ਕੇ ਆਪਣਾ ਡਾਕ ਜਾ ਪਾਰਸਲ ਲੈ ਕੇ ਉਸ ਦੀ ਚਾਬੀ ਦੁਬਾਰਾ ਲੈਟਰ ਬਾਕਸ ਵਿੱਚ ਹੀ ਪਾ ਦਿੰਦਾ ਹੈ।

ਜੇਕਰ ਕਿਸੇ ਨੇ ਡਾਕ ਪਾਉਣੀ ਹੈ ਤਾਂ ਉਹ ਵੀ ਉਸ ਵਿੱਚ ਹੀ ਪਾ ਸਕਦਾ ਹੈ। ਇਹ ਸਾਰਾ ਲੈਟਰ ਬਾਕਸ ਫਰੰਟ ਤੋਂ ਪੂਰਾ ਖੁਲ੍ਹਦਾ ਹੈ। ਡਾਕ ਕਰਮਚਾਰੀ ਪੂਰਾ ਲੈਟਰ ਬਾਕਸ ਖੋਲ੍ਹ ਕੇ ਅਡਰੈਸ ਮੁਤਾਬਕ ਬਾਕਸਾ ਵਿੱਚ ਡਾਕ ਪਾ ਜਾਂਦੇ ਹਨ।





ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਯੋਧਿਆਂ, ਸੁਤੰਤਰਤਾ ਸੈਲਾਨੀਆਂ, ਦੇਸ਼ ਭਗਤਾਂ ਨੂੰ 15 ਅਗਸਤ ਦੇ ਮੌਕੇ ਤੇ ਕੋਟਿ-ਕੋਟਿ ਪ੍ਰਣਾਮ!

ਏਕਮ ਟਿਊਸ਼ਨ ਸੈਂਟਰ

EKAM Tution Center
All Subject of Nursury to 8 th Classes

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

Contact: 96460-21463




# ਕੁਦਰਤ ਦਾ ਅਨਮੋਲ ਤੋਹ.ਫਾ- ਮੇਥੀ

ਡਾ. ਹਰਪ੍ਰੀਤ ਭੰਡਾਰੀ

ਭੋਜਨ ਦਾ ਸਵਾਦ ਅਤੇ ਖੁਸ਼ਬੋ ਵਧਾਉਣ ਲਈ ਮੇਥੀ ਦੀ ਵਰਤੋਂ ਹਰ ਘਰ ਵਿੱਚ ਕੀਤੀ ਜਾਂਦੀ ਹੈ। ਮੇਥੀ ਦੀ ਵਰਤੋਂ ਸਬਜ਼ੀ ਅਤੇ ਇਸ ਦੇ ਦਾਣਿਆਂ ਦੀ ਵਰਤੋਂ ਮਸਾਲੇ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਲਗਪਗ ਹਰੇਕ ਇਲਾਕੇ ਵਿੱਚ ਮੇਥੀ ਦੀ ਖੇਤੀ ਕੀਤੀ ਜਾਂਦੀ ਹੈ। ਇਸ ਦਾ ਪੌਦਾ ਇੱਕ ਤੋਂ ਦੋ ਫੁੱਟ ਲੰਬਾ ਹੁੰਦਾ ਹੈ ਜਿਸ 'ਤੇ ਜਨਵਰੀ ਤੋਂ ਮਾਰਚ ਮਹੀਨੇ ਤਕ ਫੁੱਲ ਲੱਗਦੇ ਹਨ। ਵਿਗਿਆਨੀਆਂ ਅਨੁਸਾਰ ਮੇਥੀ ਦੇ ਪੱਤਿਆਂ ਵਿੱਚ 9.8 ਫ਼ੀਸਦੀ ਕਾਰਬੋਹਾਈਡਰੇਟਸ, 4.9 ਫ਼ੀਸਦੀ ਪ੍ਰੋਟੀਨ, 81.8 ਫ਼ੀਸਦੀ ਪਾਣੀ, 1.6 ਫ਼ੀਸਦੀ ਖਣਿਜ ਪਦਾਰਥ, 1.0 ਫ਼ੀਸਦੀ ਫਾਇਬਰ (ਰੇਸ਼ੇ), 0.9 ਫ਼ੀਸਦੀ ਫੈਟ ਅਤੇ ਲੋਹਾ 16.19 ਮਿਲੀਗ੍ਰਾਮ ਪ੍ਰਤੀ ਸੌ ਗ੍ਰਾਮ ਵਿੱਚ ਪਾਇਆ ਜਾਂਦਾ ਹੈ। ਮੇਥੀ ਦੇ ਦਾਣਿਆਂ ਵਿੱਚ 25 ਫ਼ੀਸਦੀ ਫਾਸਫੋਰਿਕ ਐਸਿਡ, ਗੂੰਦ, ਲੇਸੀਥਿਨ, ਪ੍ਰੋਟੀਨ, ਕੋਲਾਇਨ ਅਤੇ ਟ੍ਰਾਇਗੋਨੇਲਿਨ ਐਲਕੇਹਾਲਇਡਸ ਪਾਏ ਜਾਂਦੇ ਹਨ। ਮੇਥੀ ਦੇ ਸੁੱਕੇ ਪੱਤਿਆਂ ਵਿੱਚ ਪ੍ਰੋਟੀਨ ਦੀ ਮਾਤਰਾ ਲਗਪਗ 16 ਫ਼ੀਸਦੀ ਹੁੰਦੀ ਹੈ। ਇਸ ਤੋਂ ਇਲਾਵਾ ਮੇਥੀ ਵਿੱਚ ਲਾਭਕਾਰੀ ਐਨਜ਼ਾਇਮ ਵੀ ਪਾਏ ਜਾਂਦੇ ਹਨ।

## ਮੇਥੀ ਦੀ ਤਾਸੀਰ

ਆਯੁਰਵੇਦ ਅਨੁਸਾਰ ਮੇਥੀ ਦੀ ਤਾਸੀਰ ਗਰਮ, ਸਵਾਦ ਕੌੜਾ ਹੁੰਦਾ ਹੈ ਅਤੇ ਇਹ ਗੁਣ ਵਿੱਚ ਬਹੁਤ ਭਾਰੀ ਹੁੰਦੀ ਹੈ। ਇਹ ਵਾਤ, ਕਫ਼ ਅਤੇ ਤਾਪ ਨਾਸ਼ਕ ਹੁੰਦੀ ਹੈ। ਪੇਟ ਵਿੱਚ ਕੀੜੇ ਹੋਣ, ਭੁੱਖ ਨਾ ਲੱਗਣ, ਕਬਜ਼, ਮੋਟਾਪਾ, ਸ਼ੱਕਰ ਰੋਗ (ਸ਼ੂਗਰ) ਅਤੇ ਗਠੀਆ ਰੋਗਾਂ ਵਿੱਚ ਮੇਥੀ ਬਹੁਤ ਫ਼ਾਇਦੇਮੰਦ ਹੈ। ਮੇਥੀ ਅਤੇ ਸਿਹਤ ਮੇਥੀ ਸਿਹਤ ਲਈ ਲਾਭਕਾਰੀ ਹੁੰਦੀ ਹੈ। ਹਾਜ਼ਮੇ ਅਤੇ ਪੇਟ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਨ ਲਈ ਮੇਥੀ ਬਹੁਤ ਵਧੀਆ ਹੈ।

ਮੇਥੀ ਗੈਸ ਅਤੇ ਪੇਟ ਦਰਦ ਦੂਰ ਕਰਨ ਵਿੱਚ ਸਹਾਇਤਾ ਕਰਦੀ ਹੈ। ਮੇਥੀ ਗੈਸ ਦੀ ਸ਼ਿਕਾਇਤ ਨੂੰ ਦੂਰ ਕਰਨ ਦੇ ਨਾਲ ਅਪੈਂਡਿਕਸ ਵਿਚਲੀ ਗੰਦਗੀ ਨੂੰ ਵੀ ਦੂਰ ਕਰਦੀ ਹੈ। ਕਬਜ਼ ਨੂੰ ਦੂਰ ਕਰਨ ਲਈ ਮੌਸਮ ਮੁਤਾਬਕ ਸਵੇਰੇ-ਸ਼ਾਮ ਭੋਜਨ ਵਿੱਚ ਮੇਥੀ ਦੀ ਸਬਜ਼ੀ ਦੀ ਵਰਤੋਂ ਕਰਨੀ ਚਾਹੀਦੀ ਹੈ। ਆਮਾਤਿਸਾਰ ਦੇ ਇਲਾਜ ਲਈ ਰੋਗੀ ਨੂੰ ਮੇਥੀ ਦੇ ਪੱਤੇ ਘੀ ਵਿੱਚ ਮਿਲਾ ਕੇ ਖਾਣ ਲਈ ਦੇਣ ਦੇ ਨਾਲ ਚਾਰ ਚਮਚ ਮੇਥੀ ਦੇ ਰਸ ਨੂੰ ਮਿਸ਼ਰੀ ਦਾ ਇੱਕ ਚਮਚ ਮਿਲਾ ਕੇ ਪੀਣ ਨਾਲ ਜਲਦੀ ਲਾਭ ਹੁੰਦਾ ਹੈ। ਮੇਥੀ ਦੇ ਪੱਤੇ ਦੇ ਅਰਕ ਨਾਲ ਗਰਾਰੇ ਕਰਨ ਨਾਲ ਮੂੰਹ ਦੇ ਛਾਲੇ ਠੀਕ ਹੁੰਦੇ ਹਨ। ਮੇਥੀ ਦੇ ਪਾਣੀ ਨੂੰ ਦੰਦਾਂ 'ਤੇ ਰਗੜਣ ਨਾਲ ਦੰਦ ਮਜ਼ਬੂਤ ਹੁੰਦੇ ਹਨ। ਮੇਥੀ ਦਾਣੇ ਦੇ ਕਾੜ੍ਹੇ ਨਾਲ ਦਿਨ ਵਿੱਚ ਤਿੰਨ ਜਾਂ ਚਾਰ ਵਾਰ ਗਰਾਰੇ ਕਰਨ ਨਾਲ ਗਲੇ ਦੀ ਸੋਜ, ਦਰਦ ਅਤੇ ਟੌਂਸਲਜ ਦੀ ਬੀਮਾਰੀ ਦੂਰ ਹੋ ਜਾਂਦੀ ਹੈ। ਖ਼ੂਨ ਦੀ ਘਾਟ ਅਤੇ ਮੇਥੀ ਮੇਥੀ ਦੀ ਸਬਜ਼ੀ ਖਾਣ ਨਾਲ ਖ਼ੂਨ ਦੀ ਕਮੀ ਦੀ ਸ਼ਿਕਾਇਤ ਦੂਰ ਹੋ ਜਾਂਦੀ ਹੈ। ਪੇਚਿਸ਼, ਪੱਥਰੀ, ਰਕਤਚਾਪ, ਜ਼ਿਆਦਾ ਪਿਸ਼ਾਬ ਅਤੇ ਮਾਨਸਿਕ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਮੇਥੀ ਦਾ ਕਾੜ੍ਹਾ ਅਤੇ ਮੇਥੀ ਦਾ ਚੂਰਨ ਬਹੁਤ ਲਾਭਕਾਰੀ ਹੈ। ਔਰਤਾਂ ਵਿੱਚ ਚਿੱਟੇ ਪਾਣੀ ਦੀ ਸ਼ਿਕਾਇਤ ਹੋ ਜਾਣ 'ਤੇ ਵੀ ਮੇਥੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਿਸੀ ਪ੍ਰਕਾਰ ਦੀ ਅੰਦਰੂਨੀ ਸੱਟ ਦੇ ਦਰਦ ਨੂੰ ਦੂਰ ਕਰਨ ਲਈ ਪ੍ਰਭਾਵਿਤ ਅੰਗ ਉੱਤੇ ਮੇਥੀ ਦੇ ਪੱਤਿਆਂ ਨੂੰ ਪੀਸ ਕੇ ਲੇਪ ਕਰਨਾ ਚਾਹੀਦਾ ਹੈ। ਇਸ ਨਾਲ ਸੋਜ ਦੂਰ ਹੋ ਜਾਂਦੀ ਹੈ। ਮੇਥੀ ਦੇ ਦਾਣਿਆਂ ਦਾ ਚੂਰਨ ਇੱਕ ਚਮਚ ਸਵੇਰੇ-ਸ਼ਾਮ ਨਿਸ਼ਚਿਤ ਰੂਪ ਨਾਲ ਲੈਣ ਨਾਲ ਗੋਡੇ, ਜੋੜਾਂ, ਆਮਵਾਤ ਲਕਵਾ ਅਤੇ ਗਠੀਏ ਤੋਂ ਆਰਾਮ ਮਿਲਦਾ ਹੈ।

ਮੇਥੀ ਦੇ ਦਾਣਿਆਂ ਦੇ ਲੱਡੂ ਬਣਾ ਕੇ ਤਿੰਨ ਹਫ਼ਤੇ ਤਕ ਸਵੇਰੇ-ਸ਼ਾਮ ਖਾਣ ਨਾਲ ਲੱਕ ਦਰਦ ਵਿੱਚ ਆਰਾਮ ਮਿਲਦਾ ਹੈ, ਨਾਲ ਹੀ ਪ੍ਰਭਾਵਿਤ ਜਗ੍ਹਾ 'ਤੇ ਮੇਥੀ ਦੇ ਤੇਲ ਦੀ ਮਾਲਿਸ਼ ਕੀਤੀ ਜਾਣੀ ਚਾਹੀਦੀ ਹੈ। ਸਰਦੀ-ਜ਼ੁਕਾਮ ਨੂੰ ਦੂਰ ਕਰਨ ਵਿੱਚ ਵੀ ਮੇਥੀ ਬਹੁਤ ਉਪਯੋਗੀ ਹੁੰਦੀ ਹੈ। ਇਸ ਲਈ ਸਵੇਰੇ-ਸ਼ਾਮ ਮੇਥੀ ਦੀ ਸਬਜ਼ੀ ਖਾਣ ਦੇ ਨਾਲ-ਨਾਲ ਮੇਥੀ ਦਾ ਇੱਕ ਚਮਚ ਦਾਣੇ ਗਰਮ ਦੁੱਧ ਦੇ ਨਾਲ ਖਾਣਾ ਚਾਹੀਦਾ ਹੈ।

ਰਾਤ ਨੂੰ ਸੌਂਦੇ ਸਮੇਂ ਮੇਥੀ ਦਾਣਿਆਂ ਦਾ ਲੇਪ ਵਾਲਾਂ ਵਿੱਚ ਲਗਾਉਣ ਨਾਲ ਵਾਲਾਂ ਦਾ ਰੋਗ ਦੂਰ ਹੋ ਜਾਂਦਾ ਹੈ ਅਤੇ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਜਲਣ ਜਾਂ ਦਾਹ ਨੂੰ ਸ਼ਾਂਤ ਕਰਨ ਦੇ ਲਈ ਮੇਥੀ ਦੇ ਪੱਤੇ ਦਾ ਰਸ ਚਾਰ-ਚਮਚ ਦਿਨ ਵਿੱਚ ਲਗਪਗ ਤਿੰਨ ਵਾਰ ਰੋਗੀ ਨੂੰ ਦਿੱਤਾ ਜਾਣਾ ਚਾਹੀਦਾ ਹੈ, ਨਾਲ ਹੀ ਮੇਥੀ ਦੇ ਪੱਤਿਆਂ ਦਾ ਲੇਪ ਵੀ ਲਗਾਉਣਾ ਚਾਹੀਦਾ ਹੈ।

## ਸ਼ੂਗਰ ਰੋਗ ਲਈ ਰਾਮ ਬਾਣ ਮੇਥੀ

ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਮੇਥੀ ਦੇ ਲੱਡੂ ਜਾਂ ਮੇਥੀ ਦੀ ਸਬਜ਼ੀ ਅਤੇ ਮੇਥੀ ਦੇ ਦਾਣਿਆਂ ਦੇ ਚੂਰਨ ਦਾ ਨਿਯਮਿਤ ਰੂਪ ਨਾਲ ਸਵੇਰੇ-ਸ਼ਾਮ ਪ੍ਰਯੋਗ ਕਰਨਾ ਚਾਹੀਦਾ ਹੈ। ਮੇਥੀ ਵਿੱਚ ਖ਼ੂਨ ਅਤੇ ਪਿਸ਼ਾਬ ਵਿੱਚ ਗੁਲੂਕੋਜ਼ ਦੀ ਮਾਤਰਾ ਨੂੰ ਘੱਟ ਕਰਨ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਇਸ ਕਾਰਨ ਸ਼ੂਗਰ ਦੇ ਰੋਗੀਆਂ ਲਈ ਮੇਥੀ ਦਾ ਬਹੁਤ ਮਹੱਤਵ ਹੈ। ਸ਼ੂਗਰ ਦੇ ਰੋਗੀਆਂ ਨੂੰ ਰੋਜ਼ਾਨਾ ਦੋ ਚਮਚ ਮੇਥੀ ਦਾਣਿਆਂ ਦਾ ਚੂਰਨ ਦੁੱਧ ਵਿੱਚ ਮਿਲਾ ਕੇ ਲੈਣਾ ਚਾਹੀਦਾ ਹੈ। ਜੇ ਸੰਭਵ ਹੋਵੇ ਤਾਂ ਦੋ ਚਮਚ ਮੇਥੀ ਦੇ ਦਾਣਿਆਂ ਨੂੰ ਪਾਣੀ ਦੇ ਨਾਲ ਹੀ ਨਿਗਲ ਲੈਣਾ ਚਾਹੀਦਾ ਹੈ। ਜਾਮਨ ਦੇ ਸੁੱਕੇ ਬੀਜਾਂ ਵਿੱਚ ਮੇਥੀ ਮਿਲਾ ਕੇ ਪੀਸਣ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਇਸ ਮਿਸ਼ਰਨ ਦੇ ਇੱਕ ਚਮਚ ਸੇਵਨ ਨਾਲ ਵੀ ਸਰੀਰ ਵਿੱਚ ਸ਼ੂਗਰ ਦੀ ਮਾਤਰਾ ਠੀਕ ਰਹਿੰਦੀ ਹੈ। ਇਸ ਦੇ ਨਾਲ ਸਰੀਰ ਵਿੱਚ ਕੋਲੈਸਟਰੋਲ ਦੀ ਮਾਤਰਾ ਵੀ ਠੀਕ ਰਹਿੰਦੀ ਹੈ।

## ਸ਼ਾਕਾਹਾਰੀਆਂ ਲਈ ਵਰਦਾਨ ਮੇਥੀ

'ਟਰਾਂਸਮੇਥਾਇਮਿਲਮਿਨ' ਨਾਮਕ ਤੱਤ ਮੇਥੀ ਵਿੱਚ ਪਾਇਆ ਜਾਂਦਾ ਹੈ। ਇਸ ਕਾਰਨ ਇਹ ਸ਼ਾਕਾਹਾਰੀਆਂ ਦੇ ਲਈ ਮੱਛੀ ਦੇ ਤੇਲ ਦਾ ਵਧੀਆ ਬਦਲ ਹੈ। ਮੇਥੀ ਵਿੱਚ ਪਾਇਆ ਜਾਣ ਵਾਲਾ ਲੇਸੀਥਿਨ ਨਾਮਕ ਤੱਤ ਦਿਮਾਗੀ ਕਮਜ਼ੋਰੀ ਨੂੰ ਦੂਰ ਕਰਦਾ ਹੈ। ਪਾਣੀ ਵਿੱਚ ਪੀਸ ਕੇ ਬਣੇ ਮੇਥੀ ਦਾਣੇ ਦੇ ਪੇਸਟ ਨੂੰ ਜਲੇ ਹੋਏ ਥਾਂ 'ਤੇ ਲਗਾਉਣ ਨਾਲ ਦਰਦ ਅਤੇ ਜਲਣ ਤੋਂ ਰਾਹਤ ਮਿਲਦੀ ਹੈ ਅਤੇ ਜ਼ਖ਼ਮ ਜਲਦੀ ਠੀਕ ਹੋ ਜਾਂਦਾ ਹੈ। ਇਸ ਤਰ੍ਹਾਂ ਦਿਨ ਵਿੱਚ ਲਗਪਗ ਤਿੰਨ ਵਾਰ ਕਰਨਾ ਚਾਹੀਦਾ ਹੈ।

ਭੁੱਖ ਨਾ ਲੱਗਣਾ, ਜ਼ਿਆਦਾ ਪਿਸ਼ਾਬ ਆਉਣਾ, ਸਾਇਟਿਕਾ (ਲੰਗੜੀ ਦਰਦ), ਦਮਾ, ਪੇਟ ਅਤੇ ਮਾਸਪੇਸ਼ੀਆਂ ਦੇ ਦਰਦ ਲਈ ਰੋਜ਼ਾਨਾ ਮੇਥੀ ਦਾਣਿਆਂ ਦੀ ਇੱਕ ਚਮਚ ਮਾਤਰਾ ਦਿਨ ਵਿੱਚ ਤਿੰਨ ਵਾਰ ਲੈਣ ਨਾਲ ਲਾਭ ਹੁੰਦਾ ਹੈ। ਮੇਥੀ ਅਤੇ ਸਾਡੇ ਸਰੀਰ ਦਾ ਸਿੱਧਾ ਸਬੰਧ ਹੈ। ਇਸ ਲਈ ਮੇਥੀ ਨੂੰ ਸਾਨੂੰ ਆਪਣੇ ਭੋਜਨ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

## ਮਿਲਾਵਟੀ ਵਸਤੂਆਂ ਦੀ ਪਛਾਣ ਲਈ ਇਹ ਤਰੀਕੇ ਅਜ਼ਮਾਓ

ਮਿਲਾਵਟੀ ਖੋਰੀ ਦੇ ਜ਼ਮਾਨੇ ਵਿੱਚ ਸੁੱਧ ਚੀਜ਼ ਮਿਲਣੀ ਬਹੁਤ ਮੁਸ਼ਕਿਲ ਹੈ। ਪਰ ਥੋੜੀ ਜਿਹੀ ਸਾਵਧਾਨੀ ਵਰਤ ਕੇ ਮਿਲਾਵਟੀ ਵਸਤੂਆਂ ਦੀ ਪਛਾਣ ਸੌਖੇ ਕੀਤੀ ਜਾ ਸਕਦੀ ਹੈ। ਉਦਾਹਰਨ ਵਜੋਂ ਤੁਸੀ ਹਲਦੀ ਪਾਉਡਰ ਖਰੀਦ ਰਹੇ ਤਾਂ ਖਿਆਲ ਰੱਖੋ ਹਲਦੀ ਵਿੱਚ ਮੇਟਾਨਿਲ ਯੈਲੋ ਦੀ ਮਿਲਾਵਟ ਕੀਤੀ ਜਾਂਦੀ ਹੈ। ਜਿਸ ਨਾਲ ਕੈਂਸਰ ਵੀ ਹੋ ਸਕਦਾ ਹੈ। ਇਸ ਟੈਸਟ ਕਰਨ ਲਈ ਪੰਜ ਬੂੰਦ ਹਾਈਡਰੋਕਲੋਰਿਕ ਏਸਿਡ ਅਤੇ ਪੰਜ ਬੂੰਦ ਪਾਣੀ ਪਾ ਕੇ ਵਿੱਚ ਥੋੜੀ ਜਿਹੀ ਹਲਦੀ ਪਾਓ। ਜੇਕਰ ਹਲਦੀ ਬੈਂਗਨੀ ਹੋ ਜਾਵੇ ਤਾਂ ਹਲਦੀ ਵਿੱਚ ਮਿਲਾਵਟ ਹੈ।

ਜੇ ਤੁਸੀ ਹਲਦੀ ਪਾਊਡਰ ਵਿੱਚ ਮਿਲਾਵਟ ਤੋਂ ਬਚਣ ਦੇ ਲਈ ਸਾਬਤ ਹਲਦੀ ਪਾਊਡਰ ਨੂੰ ਲੈ ਕੇ ਖੁਦ ਪਿਸਾਉਂਦੇ ਹੋ ਤਾਂ ਵੀ ਇਹ ਕਾਫੀ ਰਿਸਕੀ ਹੈ। ਹਲਦੀ ਦੀ ਪਛਾਣ ਕਰਨ ਲਈ ਸਾਬਤ ਹਲਦੀ ਨੂੰ ਵਿੱਚ ਠੰਡਾ ਪਾਣੀ ਮਿਲਾਓ। ਜੇ ਰੰਗ ਅਲੱਗ ਹੋ ਜਾਵੇ ਤਾਂ ਇਹ ਹਲਦੀ ਪਾਲਿਸ ਕੀਤੀ ਹੋਈ ਹੈ। ਮਸਾਲੇ ਵਿੱਚ ਇਸਤੇਮਾਲ ਕੀਤੀ ਜਾਣ ਵਾਲੀ ਦਾਲ ਚੀਨੀ ਵਿੱਚ ਅਮਰੂਦ ਦਾ ਛਿੱਲੜ ਮਿਲਾਇਆ ਜਾਂਦਾ ਹੈ। ਇਸ ਨੂੰ ਹੱਥ ਤੇ ਰੱਖ ਕੇ ਰਗੜੋ ਜੇ ਰੰਗ ਹੱਥ ਨੂੰ ਨਹੀਂ ਚੜਿਆ ਤਾਂ ਨਕਲੀ ਹੋਵੇਗੀ।

ਮਟਰ ਦੇ ਦਾਣੇ ਖਰੀਦੇ ਹਨ ਤਾਂ ਉਸਦੇ ਕੁਝ ਦਾਣੇ ਪਾਣੀ ਵਿੱਚ ਪਾ ਕੇ ਹਿਲਾਓ ਅਤੇ 30 ਮਿਟ ਤੱਕ ਛੱਡ ਦਿਓ। ਜੇ ਪਾਣੀ ਰੰਗੀਨ ਹੋ ਜਾਵੇ ਤਾਂ ਇਸ ਵਿੱਚ ਮੇਲਾਕਾਈਟ ਹਰੇ ਰੰਗ ਦੀ ਮਿਲਾਵਟ ਹੈ। ਅਜਿਹੀਆਂ ਮਿਲਾਵਟ ਵਾਲੀਆਂ ਚੀਜ਼ਾਂ ਖਾਣ ਨਾਲ ਪੇਟ ਨਾਲ ਸਬੰਧਿਤ ਗੰਭੀਰ ਬਿਮਾਰੀਆਂ ਜਿਵੇਂ ਅਲਸਰ, ਟਿ੍ਮਰ ਆਦਿ ਹੋਣ ਦਾ ਖਤਰਾ ਹੈ। ਮਿਲਾਵਟੀ ਮੱਛੀਆਂ : ਇਹ ਪੜ੍ਹ ਕੇ ਹੈਰਾਨ ਲੱਗਣਾ ਕਿ ਮਿਲਾਵਟੀ ਮੱਛੀਆਂ ਵੀ ਆ ਰਹੀਆਂ ਹਨ ਪਰ ਜਨਾਬ ਅਜਿਹਾ ਵਾਪਰ ਰਿਹਾ ਹੈ। ਮੁੰਬਈ ਗ੍ਰਾਹਕ ਪੰਚਾਇਤ ਨੇ ਮੱਛੀਆਂ ਉਪਰ ਗੂੰਦ ਲਗਾਉਣ ਦਾ ਖੁਲਾਸਾ ਕੀਤਾ ਹੈ। ਲੋਕ ਪਾਮਫ੍ਰੇਟ ਮੱਛੀ ਦਾ ਸਿਰ ਹਲਕਾ ਜਿਹਾ ਦਬਾ ਕੇ ਦੇਖਦੇ ਹਨ। ਸਫੇਦ ਚਿਪਚਿਪਾ ਪਦਾਰਥ ਮੱਛੀ ਦੀ ਤਾਜ਼ਗੀ ਦਾ ਸਬੂਤ ਮੰਨਿਆ ਜਾਂਦਾ ਹੈ ਪਰ ਹੁਣ ਇਸ ਸਭ ਕੁਝ ਬਾਸੀਆਂ ਮੱਛੀਆਂ ਖਰੀਦਣ ਲਈ ਗੂੰਦ ਲਾ ਦਿੰਦੇ ਹਨ।

ਚਾਹ ਪੱਤੀ ਵਿੱਚ ਮਿਲਾਵਟ ਦੇਖਣ ਲਈ। ਠੰਡੇ ਪਾਣੀ ਵਿੱਚ ਪੱਤੀ ਪਾਓ। ਜੇਕਰ ਰੰਗ ਛੱਡੇ ਤਾਂ ਸਪੱਸ਼ਟ ਹੈ ਕਿ ਵਾਰ ਇਹ ਚਾਹ ਪੱਤੀ ਪਹਿਲਾਂ ਵਰਤੀ ਜਾ ਚੁੱਕੀ ਹੈ। ਸੇਬ ਦੀ ਚਮਕ ਦੇਖ ਕੇ ਖੁਸ਼ ਨਾ ਹੋਵੋ। ਇਹਨਾਂ ਉਪਰ ਵੈਕਸ ਪਾਲਿਸ ਕੀਤੀ ਹੋ ਸਕਦੀ। ਇਸਦੀ ਜਾਂਚ ਦੇ ਲਈ ਪਹਿਲਾਂ ਇੱਕ ਬਲੇਡ ਲਵੋ ਅਤੇ ਸੇਬ ਨੂੰ ਹਲਕਾ - ਹਲਕਾ ਖੁਰਚੋ। ਜੇ ਕੁਝ ਸਫੇਦ ਪਦਾਰਥ ਨਿਕਲੇ ਤਾਂ ਖੁਸ਼ ਹੋਵੋ ਕਿ ਤੁਸੀ ਵੈਕਸ ਖਾਣ ਤੋਂ ਬਚ ਗਏ।

# ਪੰਜਾਬੀ ਰਸੋਈ



## ਆਲੂ-ਮੂਲੀ ਦੀ ਟਿੱਕੀ

ਸਮੱਗਰੀ : ਆਲੂ 200 ਗ੍ਰਾਮ, ਮੂਲੀ 100 ਗ੍ਰਾਮ, ਕਣਕ ਦਾ ਆਟਾ 50 ਗ੍ਰਾਮ, ਘਿਉ 25 ਗ੍ਰਾਮ, ਨਮਕ, ਮਿਰਚ, ਮਸਾਲਾ ਸਵਾਦ ਅਨੁਸਾਰ।

ਵਿਧੀ : ਆਲੂ ਧੋ ਕੇ ਛਿੱਲ ਲਵੋ। ਮੂਲੀ ਨੂੰ ਧੋ ਕੇ ਸਾਫ ਕਰ ਲਵੋ। ਦੋਵਾਂ ਨੂੰ ਕੱਦੂਕਸ ਕਰ ਲਵੋ। ਨਮਕ, ਮਿਰਚ, ਮਸਾਲਾ ਤੇ ਆਟਾ ਪਾ ਕੇ ਮਸਲ ਕੇ ਚੰਗੀ ਤਰਾਂ ਆਟਾ ਗੁੰਨ ਲਵੋ। ਆਟੇ ਦੇ ਬਰਾਬਰ ਹਿੱਸੇ ਕਰਕੇ ਗੋਲ ਪੇੜੇ ਬਣਾਉ ਤੇ ਥੋੜਾ ਜਿਹਾ ਚਪਟਾ ਕਰ ਲਵੋ। ਤਵੇ 'ਤੇ ਥੋੜਾ ਜਿਹਾ ਘਿਉ ਜਾਂ ਤੇਲ ਪਾ ਕੇ ਟਿੱਕੀ ਨੂੰ ਦੋਵਾਂ ਪਾਸਿਆਂ ਤੋ ? ਹਲਕਾ ਭੂਰਾ ਰੰਗ ਹੋਣ ਤੱਕ ਸੇਕ ਦਿਉ। ਟਿੱਕੀ ਤਿਆਰ ਹੈ। ਇਹ ਪੰਜ ਵਿਅਕਤੀਆਂ ਲਈ ਕਾਫੀ ਹੈ।

## ਸਬਜ਼ੀਆਂ ਦਾ ਸੈਂਡਵਿਚ

ਸਮੱਗਰੀ : 1 ਕੱਪ ਬਾਰੀਕ ਕੱਟੀ ਹੋਈ ਬੰਦਗੋਭੀ, 1 ਗਾਜਰ ਬਾਰੀਕ ਕੱਟੀ ਹੋਈ, 2 ਲੱਸਣ ਦੀਆਂ ਤੁਰੀਆਂ, ਅੱਧਾ ਛੋਟਾ ਚਮਚ ਘਿਓ, 6 ਬਰੈਡ ਦੇ ਪੀਸ, ਨਮਕ ਸਾਵਾਦ ਅਨੁਸਾਰ, ਛੋਟਾ ਚਮਚ ਕਾਲੀ ਮਿਰਚ ਪਾਊਡਰ।

ਵਿਧੀ : ਸਭ ਤੋਂ ਪਹਿਲਾਂ ਇਕ ਪੈਨ ਵਿਚ ਘਿਓ ਗਰਮ ਕਰ ਲਓ। ਇਸ ਵਿਚ ਬਾਰੀਕ ਕੱਟੀ ਹੋਈ ਬੰਦਗੋਭੀ ਅਤੇ ਗਾਜਰ ਪਾ ਕੇ ਤਲੋ। ਇਸ ਤੋਂ ਬਾਅਦ ਬੰਦਗੋਭੀ ਅਤੇ ਗਾਜਰ ਵਿਚ ਨਮਕ, ਕਾਲੀ ਮਿਰਚ ਪਾਊਡਰ, ਲੱਸਣ ਪਾ ਕੇ ਮਿਲਾ ਲਓ। ਇਸ ਸਾਰੇ ਮਿਸ਼ਰਨ ਨੂੰ ਠੰਡਾ ਕਰਕੇ ਇਸ ਨੂੰ ਇਕ ਬਰੈਡ ਪੀਸ 'ਤੇ ਲਗਾ ਕੇ ਦੂਸਰੇ ਬਰੈਡ ਪੀਸ ਉਸ ਦੇ ਉੱਤੇ ਰੱਖ ਕੇ ਉਸ ਨੂੰ ਸੈਂਡਵਿਚ ਪੀਸ ਉਸ ਦੇ ਉੱਤੇ ਰੱਖ ਕੇ ਉਸਨੂੰ ਸੈਂਡਵਿਚ ਟੋਸਟਰ ਦੇ ਵਿਚ ਸੇਕਣ ਦੇ ਲਈ ਰੱਖ ਦਿਓ। ਇਸ ਨੂੰ ਟਮਾਟਰ ਦੀ ਚਟਨੀ ਦੇ ਨਾਲ ਸਰਵ ਕਰੋ।





## ਸੋਇਆਬੀਨ ਮਿਸਲ

ਸਮੱਗਰੀ : 1/2 ਕੱਪ ਸੋਇਆਬੀਨ ਦੇ ਦਾਣੇ, 2 ਵੱਡੇ ਚਮਚੇ ਅੰਕੁਰਿਤ ਦਾਲ, 1 ਚਮਚਾ ਬਰੀਕ ਅਦਰਕ, 2 ਬਰੀਕ ਕੱਟੀ ਹੋਈ ਹਰੀ ਮਿਰਚ, 3 ਕਲੀਆਂ ਲਸਣ ਦੀਆਂ ਪਿਸੀਆਂ ਹੋਈਆਂ, 1/4 ਛੋਟਾ ਚਮਚਾ ਹਲਦੀ ਪਾਊਡਰ, 1/2 ਛੋਟਾ ਚਮਚਾ ਗਰਮ ਮਸਾਲਾ, 1 ਛੋਟਾ ਚਮਚਾ ਰਾਈ, ਨਮਕ ਸਵਾਦ ਅਨੁਸਾਰ, 1 ਟਮਾਟਰ, 2 ਵੱਡੇ ਚਮਚੇ ਪਿਆਜ਼ ਬਰੀਕ ਕੱਟੇ ਹੋਏ, 1 ਛੋਟਾ ਚਮਚ ਨਿੰਬੂ ਦਾ ਰਸ, 1 ਛੋਟਾ ਚਮਚਾ ਰਿਫਾਇਂਡ ਤੇਲ।

ਵਿਧੀ : ਸੋਇਆਬੀਨ ਨੂੰ ਰਾਤ ਨੂੰ ਪਾਣੀ ਚ ਭਿਓਂ ਦਿਓ ਤੇ ਸਵੇਰੇ ਕੂਕਰ ਚ ਇਕ ਸੀਟੀ ਆਉਣ ਤੱਕ ਪਕਾਓ। ਸੋਇਆਬੀਨ ਦਾ ਪਾਣੀ ਕੱਢ ਕੇ ਉਸ ਦੇ ਛਿਲਕੇ ਉਤਾਰ ਦਿਓ। ਇਕ ਕੜਾਹੀ ?ਚ ਤੇਲ ਗਰਮ ਕਰੋ ਅਤੇ ਇਸ ਵਿੱਚ ਰਾਈ ਪਾ ਕੇ ਤੜਕ ਦਿਓ। ਇਸ ਵਿੱਚ ਅਦਰਕ, ਹਰੀ ਮਿਰਚ, ਪਿਸਿਆ ਹੋਇਆ ਲਸਣ ਪਾ ਦਿਓ ਅਤੇ 1 ਮਿਟ ਤੱਕ ਭੁੰਨੋ, ਹਲਦੀ ਪਾਊਡਰ ਅਤੇ ਅੰਕੁਰਿਤ ਕੀਤੀ ਹੋਈ ਦਾਲ ਅਤੇ 2 ਵੱਡੇ ਚਮਚੇ ਪਾਣੀ ਪਾ ਕੇ ਦਾਲ ਨੂੰ ਆਂਚ ਤੇ ਗਲਾਓ। ਜਦੋਂ ਇਸ ਦਾ ਪਾਣੀ ਸੁੱਕਣਾ ਸ਼ੁਰੂ ਹੋ ਜਾਵੇ ਤਾਂ ਇਸ ਵਿੱਚ ਸੋਇਆਬੀਨ ਪਾ ਦਿਓ। ਇਸ ਤੋਂ ਬਾਅਦ ਅੱਗ ਬੰਦ ਕਰ ਦਿਓ। ਇਸ ਵਿੱਚ ਟਮਾਟਰ, ਪਿਆਜ਼ ਅਤੇ ਨਿੰਬੂ ਦਾ ਰਸ ਪਾ ਦਿਓ। ਇਸ ਨੂੰ ਸਰਵਿਸ ਪਲੇਟ ਚ ਪਾ ਦਿਓ ਅਤੇ ਇਸ ਉੱਤੇ ਹਰਾ ਧਨੀਆ ਅਤੇ ਚਟਨੀ ਪਾ ਕੇ ਇਸ ਨੂੰ ਸਰਵ ਕਰੋ।

ਪੇਸ਼ਕਸ: ਭਾਗਵੰਤੀ ਪੁਰਬਾ

# ਅੱਡੀਆਂ ਤੇ ਕੂਹਣੀਆਂ ਦੀ ਦੇਖਭਾਲ

- ਨਹਾਉਣ ਤੋਂ ਪਹਿਲਾਂ ਅੱਡੀਆਂ 'ਤੇ ਹਫਤੇ 'ਚ 2 ਵਾਰ ਤੇਲ ਨਾਲ ਮਾਲਿਸ਼ ਕਰੋ। ਫਿਰ ਸਾਬਣ ਲਗਾ ਕੇ ਸਕ੍ਰਬਰ ਨਾਲ ਰਗੜਨ ਨਾਲ ਮੈਲ ਸਾਫ ਹੋ ਜਾਵੇਗੀ।
- ਪੈਰਾਂ ਦਾ ਪੈਡੀਕਿਓਰ ਕਰਦੇ ਰਹਿਣ ਨਾਲ ਅੱਡੀਆਂ ਨਰਮ ਤੇ ਸਾਫ ਬਣੀਆਂ ਰਹਿ ਸਕਦੀਆਂ ਹਨ।
- ਨਿੰਬੂ ਦੀਆਂ ਬਚੀਆਂ ਛਿੱਲਾਂ ਨੂੰ ਅੱਡੀਆਂ ਤੇ ਕੂਹਣੀਆਂ 'ਤੇ ਰਗੜੋ। ਇਸ ਨਾਲ ਇਨ੍ਹਾਂ 'ਤੇ ਜੰਮੀ ਮੈਲ ਤੇ ਕਾਲਾਪਨ ਦੂਰ ਹੁੰਦਾ ਹੈ।
- ਸੂਤੀ ਜ਼ੁਰਾਬਾਂ 'ਤੇ ਸਾਬਣ ਲਗਾ ਕੇ ਮਲਣ ਨਾਲ ਅੱਡੀਆਂ ਨੂੰ ਸਾਫ ਰੱਖਿਆ ਜਾ ਸਕਦਾ ਹੈ।
- ਜੈਤੂਨ ਦੇ ਤੇਲ ਨਾਲ ਅੱਡੀਆਂ ਤੇ ਕੂਹਣੀਆਂ ਦੀ ਮਾਲਿਸ਼ ਕਰੋ।

## ਬੇਬੀ ਉਮੰਗਦੀਪ ਕੌਰ ਪੁਰਬਾ ਅਤੇ ਏਕਮਜੋਤ ਸਿੰਘ ਪੁਰਬਾ ਨੇ ਆਪਣੇ 12 ਵੇਂ ਜਨਮ ਦਿਨ ਤੇ ਲਗਾਏ 12 ਪੌਦੇ

### *ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਵੀ ਜਰੂਰੀ ਹੈ –ਭਵਨਦੀਪ*

*ਮੋਗਾ/ 14 ਜੁਲਾਈ 2024 / ਮਵਦੀਲਾ ਬਿਓਰੋ*



ਮਹਿਕ ਵਤਨ ਦੀ ਫਾਉਡੇਸ਼ਨ ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ ਦੇ ਬੱਚੇ ਬੇਟੀ ਉਮੰਗਦੀਪ ਕੌਰ ਪੁਰਬਾ ਅਤੇ ਬੇਟਾ ਏਕ ਜੋਤ ਸਿੰਘ ਪੁਰਬਾ ਅਕਸਰ ਵੱਖ-ਵੱਖ ਸਮਾਜਿਕ, ਸੱਭਿਆਚਾਰਕ ਗਤੀਵਿਧੀਆਂ ਅਤੇ ਕਈ ਨਾਟਕਾਂ ਤੇ ਸ਼ਾਟ ਵੀਡੀਓ ਵਿੱਚ ਨਜਰ ਆਉਂਦੇ ਹਨ। ਬੀਤੇ ਦਿਨੀ ਉਨ੍ਹਾਂ ਵੱਲੋਂ ਆਪਣਾ 12 ਵਾਂ ਜਨਮ ਦਿਨ ਵੱਖ-ਵੱਖ ਜਗ੍ਹਾ ਤੇ 12 ਪੌਦੇ ਲਗਾ ਕੇ ਮਨਾਇਆ ਗਿਆ। ਵਾਤਾਵਰਣ ਦੀ ਸ਼ੁੱਧਤਾਂ ਵਿੱਚ ਅਹਿਮ ਯੋਗਦਾਨ ਪਾਉਂਦੇ ਹੋਏ ਇਹ ਬੱਚੇ ਪਹਿਲਾ ਵੀ ਕਈ ਵਾਰ ਆਪਣੇ ਪਿਤਾ ਸ. ਭਵਨਦੀਪ ਸਿੰਘ ਪੁਰਬਾ ਅਤੇ ਮਾਤਾ ਮੈਡਮ ਭਾਗਵੰਤੀ ਪੁਰਬਾ ਨਾਲ ਪੌਦੇ ਲਗਾਉਂਦੇ ਨਜਰ ਆਏ ਹਨ।



ਅੱਜ ਆਪਣੀ ਬੇਟੀ ਉਮੰਗਦੀਪ ਕੌਰ ਪੁਰਬਾ ਅਤੇ ਬੇਟਾ ਏਕਮਜੋਤ ਸਿੰਘ ਪੁਰਬਾ ਦੇ 12 ਵੇ ਜਨਮ ਦਿਨ ਤੇ 12 ਪੌਦੇ ਲਗਾਉਣ ਸਮੇਂ ਮਹਿਕ ਵਤਨ ਦੀ ਫਾਉਡੇਸ਼ਨ ਸੋਸਾਇਟੀ (ਰਜਿ:) ਮੋਗਾ ਦੇ ਚੇਅਰਮੈਨ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਸ. ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਸਾਨੂੰ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਵੀ ਜਰੂਰ ਕਰਨੀ ਚਾਹੀਦੀ ਹੈ ਕਿਉਕਿ ਅਸੀਂ ਅਕਸਰ ਪੌਦੇ ਤਾਂ ਲਗਾ ਦਿੰਦੇ ਹਾਂ ਪਰ ਥੋੜੇ ਹੀ ਸਮੇਂ ਬਾਅਦ ਉਹ ਪਾਣੀ ਬਿਨਾਂ ਖਤਮ ਹੋ ਜਾਂਦੇ ਹਨ ਜਾਂ ਕੋਈ ਅਵਾਰਾ ਪਸ਼ੂ, ਜਾਨਵਰ ਉਨ੍ਹਾਂ ਨੂੰ ਖਾ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਅੱਜ ਅਸੀਂ ਅਜੀਤ ਨਗਰ ਮੋਗਾ ਵਿਖੇ ਯੋਗ ਸਥਾਨ ਤੋਂ ਇਲਾਵਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਦੇ ਗੁਰਦੁਆਰਾ ਸਾਹਿਬ ਦੀ ਚਾਰ-ਦੁਆਰੀ ਦੇ ਅੰਦਰ ਪੌਦੇ ਲਗਾਏ ਹਨ ਜਿਥੋਂ ਉਨ੍ਹਾਂ ਨੂੰ ਪਾਣੀ ਪਾਉਣ ਲਈ ਕਿਆਰੀ ਬਣੀ ਹੋਈ ਹੈ ਅਤੇ ਇਥੇ ਕੋਈ ਵੀ ਪਸ਼ੂ ਜਾਂ ਜਾਨਵਰ ਇਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ।

ਗੁਰਦੁਆਰਾ ਸਾਹਿਬ ਵਿਖੇ ਪੌਦੇ ਲਗਾਉਣ ਸਮੇਂ ਉਪਰੋਕਤ ਤੋਂ ਇਲਾਵਾ ਗੁਰੂ ਘਰ ਦੀ ਸੰਗਤ ਸਮੇਤ ਮੁੱਖ ਸੇਵਾਦਾਰ ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ, ਮਾਤਾ ਮਹਿੰਦਰ ਕੌਰ ਜੀ ਅਤੇ ਅਜੀਤ ਨਗਰ ਵਿਖੇ ਪੌਦੇ ਲਗਾਉਣ ਸਮੇਂ ਸਮਾਜ ਸੇਵੀ ਗੁਰਸੇਵਕ ਸਿੰਘ ਸੰਨਿਆਸੀ, ਬਲਸ਼ਰਨ ਸਿੰਘ ਪੁਰਬਾ, ਸ਼੍ਰੀ ਨੀਲਮ ਰਾਣੀ, ਹਰਵਿੰਦਰ ਕੌਰ ਬਜਾਜ, ਚੰਦਨਪ੍ਰੀਤ ਕੌਰ ਆਦਿ ਮੁੱਖ ਤੌਰ ਤੇ ਹਾਜਰ ਸਨ।

## ਬਾਬਾ ਗੋਕਲ ਚੰਦ ਜੀ ਦੀ ਸ੍ਰਪਰਸਤੀ ਹੇਠ ਹੋਇਆ ਸਾਲਾਨਾ ਵਿਸ਼ਾਲ ਜਾਗਰਨ ਅਤੇ ਭੰਡਾਰਾ



*ਮੋਗਾ / 24 ਜੁਲਾਈ 2024/ 'ਮਹਿਕ ਵਤਨ ਦੀ ਲਾਈਵ' ਬਿਓਰੋ*

ਮਾਂ ਦੁਰਗਾ ਮੰਦਿਰ ਬੁੱਘੀਪੁਰਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਣ ਦੇ ਮਹੀਨੇ ਦਾ ਵਿਸ਼ਾਲ ਭੰਡਾਰਾ ਅਤੇ ਵਿਸ਼ਾਲ ਜਾਗਰਨ ਮੁੱਖ ਸੇਵਾਦਾਰ ਬਾਬਾ ਗੋਕਲ ਚੰਦ ਜੀ ਦੀ ਸ੍ਰਪਰਸਤੀ ਹੇਠ ਸਤਰੰਗ ਵੈਲਫੇਅਰ ਕਲੱਬ ਬੁੱਘੀਪੁਰਾ ਅਤੇ ਸਮੂੰਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੰਪੰਨ ਹੋਇਆ। ਸੁਬਾ 11:00 ਵਜੇ ਤੋਂ ਆਰੰਭ ਹੋਏ ਭੰਡਾਰੇ ਵਿੱਚ ਪੂਰੀਆਂ, ਛੋਲੇ ਅਤੇ ਖੀਰ ਦਾ ਲੰਗਰ ਚੱਲਿਆ। ਕੰਜਕਾਂ ਨੂੰ ਪ੍ਰਸ਼ਾਦਾ ਛਕਾ ਕੇ ਭੰਡਾਰੇ ਦਾ ਆਰੰਭ ਕੀਤਾ ਗਿਆ। ਇਸ ਮੌਕੇ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਦੇ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆਂ, ਜਿਲ੍ਹਾ ਪ੍ਰੈਸ ਸਕੱਤਰ ਸ. ਭਵਨਦੀਪ ਸਿੰਘ ਪੁਰਬਾ, ਸਿੱਟੀ ਯੂਨਿਟ ਦੇ ਸ੍ਰਪਰਸਤ ਸ. ਗੁਰਸੇਵਕ ਸਿੰਘ ਸੰਨਿਆਸੀ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਰਾਮੂੰਵਾਲਾ, ਜੱਥੇਦਾਰ ਰਾਮ ਸਿੰਘ, ਹਰਜਿੰਦਰ ਸਿੰਘ ਚੁਗਾਵਾ, ਗਗਨ ਬੁੱਘੀਪੁਰਾ ਆਦਿ ਮੁੱਖ ਤੌਰ ਤੇ ਹਾਜਿਰ ਹੋਏ।

ਰਾਤ ਨੂੰ ਮੰਦਿਰ ਵਿਖੇ ਵਿਸ਼ਾਲ ਜਾਗਰਨ ਹੋਇਆ ਜਿਸ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਅਤੇ ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ ਮੁੱਖ ਤੌਰ ਤੇ ਹਾਜਿਰ ਹੋਏ। ਇਸ ਜਾਗਰਨ ਵਿੱਚ ਮੁੱਖ ਸੇਵਾਦਾਰ ਬਾਬਾ ਗੋਕਲ ਚੰਦ ਜੀ, ਵਿਸ਼ੇਸ਼ ਕਲਾਕਾਰ ਜਸ ਬੁੱਘੀਪੁਰਾ ਅਤੇ ਹੋਰ ਕਈ ਕਲਾਕਾਰਾ ਵੱਲੋਂ ਮਹਾਮਾਈ ਦਾ ਗੁਣਗਾਨ ਕੀਤਾ ਗਿਆ। ਪਿੰਡ ਵਾਸੀਆ, ਸਤਰੰਗ ਵੈਲਫੇਅਰ ਕਲੱਬ ਬੁੱਘੀਪੁਰਾ ਦੇ ਸਹਿਯੋਗ ਨਾਲ ਇਹ ਵਿਸ਼ਾਲ ਭੰਡਾਰਾ ਅਤੇ ਵਿਸ਼ਾਲ ਜਾਗਰਨ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਸੰਪੰਨ ਹੋਇਆ। ਇਸ ਮੌਕੇ ਜੰਗ ਸਿੰਘ, ਪ੍ਰੀਤਮ ਸਿੰਘ ਪੀਤਾ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ ਖੋਟਾ, ਸੇਵਕ ਸਿੰਘ ਫੌਜੀ, ਦਰਸ਼ਨ ਸਿੰਘ ਚੀਮਾਂ, ਗਗਨਦੀਪ ਟੰਡਨ, ਡਾ. ਕੁਲਦੀਪ ਸਿੰਘ, ਗੁਰਮੀਤ ਸਿੰਘ, ਬਬਲੀ, ਲਖਵਿੰਦਰ ਸਿੰਘ ਜੋਤੀ, ਭੋਲਾ, ਕਾਲੂ, ਕਰਨੈਲ ਸਿੰਘ ਫੁੱਲ ਆਦਿ ਮੁੱਖ ਤੌਰ ਤੇ ਹਾਜਰ ਸਨ।

## ਸਰਬੱਤ ਦਾ ਭਲਾ ਟਰੱਸਟ ਮੋਗਾ ਵੱਲੋਂ ਫਤਹਿਗੜ੍ਹ ਕੋਰੋਟਾਣਾ ਵਿਖੇ ਸਿਲਾਈ ਕੋਰਸ ਪੂਰਾ ਹੋਣ ਤੇ ਲਈ ਗਈ ਪ੍ਰੀਖਿਆ



*ਮੋਗਾ/ 02 ਅਗਸਤ 2024/ ਮਵਦੀਲਾ ਬਿਓਰੋ*

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਮੋਗਾ ਦੀ ਟੀਮ ਵੱਲੋਂ ਫਤਹਿਗੜ੍ਹ ਵਿਖੇ ਚੱਲ ਰਹੇ ਮੁਫ਼ਤ ਸਿਲਾਈ ਸੈਂਟਰ ਦਾ ਕੋਰਸ ਪੂਰਾ ਹੋਇਆ। ਕੋਰਸ ਪੂਰਾ ਹੋਣ ਉਪਰੰਤ ਮੈਡਮ ਇੰਦਰਜੀਤ ਕੌਰ (ਡਾਇਰੈਕਟਰ: ਐਜੂਕੇਸ਼ਨ ਵਿਭਾਗ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਟਰੱਸਟ ਦੀ ਮੋਗਾ ਇਕਾਈ ਦੀ ਟੀਮ ਵੱਲੋਂ ਸੈਂਟਰ ਵਿਖੇ ਹਾਜਰ ਹੋ ਕੇ ਸਿਖਿਆਰਥਣਾ ਦੀ ਸਿਲਾਈ ਦੀ ਪ੍ਰੀਖਿਆ ਲਈ ਗਈ। ਪ੍ਰੀਖਿਆ ਉਪਰੰਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਦੇ ਜਿਲ੍ਹਾ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ ਨੇ ਇਸ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆ ਨੂੰ ਕੋਰਸ ਪੂਰਾ ਹੋਣ ਤੇ ਮੁਬਾਰਕਵਾਦ ਦਿੱਤੀ ਅਤੇ ਵਧੀਆ ਨਤੀਜੇ ਆਉਣ ਲਈ ਸ਼ੁਭਕਾਮਨਾਵਾਂ ਭੇਂਟ ਕੀਤੀਆਂ।

ਇਸ ਮੌਕੇ ਜਿਲ੍ਹਾ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਜਰਨਲ ਸਕੱਤਰ ਅਵਤਾਰ ਸਿੰਘ ਘੋਲੀਆ, ਟਰੱਸਟੀ ਹਰਜਿੰਦਰ ਸਿੰਘ ਚੁਗਾਵਾ, ਟਰੱਸਟੀ ਹਰਭਿੰਦਰ ਸਿੰਘ ਜਾਨੀਆ (ਪ੍ਰਧਾਨ: ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ), ਟਰੱਸਟੀ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਮੈਡਮ ਨਰਜੀਤ ਕੌਰ ਬਰਾੜ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ ਬੁੱਘੀਪੁਰਾ, ਸਿਲਾਈ ਟੀਚਰ ਸੁਖਵਿੰਦਰ ਕੌਰ ਬੁੱਘੀਪੁਰਾ, ਸਿਲਾਈ ਟੀਚਰ ਜਸਵੀਰ ਕੌਰ ਚੀਮਾ, ਟਰੱਸਟੀ ਕੁਲਵਿੰਦਰ ਸਿੰਘ ਰਾਮੂੰਵਾਲਾ, ਟਰੱਸਟੀ ਜੱਥੇਦਾਰ ਰਾਮ ਸਿੰਘ ਆਦਿ ਮੁੱਖ ਤੌਰ ਤੇ ਹਾਜਰ ਹੋਏ।

## ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਵੱਲੋਂ ਮਾਂ ਦੁਰਗਾ ਮੰਦਿਰ ਬੁੱਘੀਪੁਰਾ ਵਿਖੇ ਪੌਦਿਆਂ ਦਾ ਲੰਗਰ ਲਗਾਇਆ ਗਿਆ

### *ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖ-ਭਾਲ ਨੂੰ ਯਕੀਨੀ ਬਣਾਉਣ ਲਈ ਬਲਾਕਾਂ ਦੀਆਂ ਜਿੰਮੇਵਾਰੀਆਂ ਲਗਾਈਆ ਜਾਣਗੀਆ -ਹਰਭਿੰਦਰ ਸਿੰਘ ਜਾਨੀਆਂ*

*ਮੋਗਾ / 24 ਜੁਲਾਈ 2024/ 'ਮਹਿਕ ਵਤਨ ਦੀ ਲਾਈਵ' ਬਿਓਰੋ*




ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਵੱਲੋਂ ਹਰ ਸਾਲ ਆਪਣੇ ਬਲਾਕਾਂ ਰਾਹੀ 1000 ਤੋਂ 1500 ਰੁੱਖ ਲਗਾਏ ਜਾਂਦੇ ਹਨ। ਇਸੇ ਲੜੀ ਤਹਿਤ ਐਤਕੀ ਵੀ 2000 ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ ਜਿਸ ਦੀ ਸ਼ੁਰੂਆਤ ਕਰਦੇ ਹੋਏ ਸਤਰੰਗ ਵੈਲਫੇਅਰ ਕਲੱਬ ਬੁੱਘੀਪੁਰਾ ਦੇ ਸਹਿਯੋਗ ਨਾਲ ਮਾਂ ਦੁਰਗਾ ਮੰਦਿਰ ਬੁੱਘੀਪੁਰਾ ਵਿਖੇ ਮੁੱਖ ਸੇਵਾਦਾਰ ਬਾਬਾ ਗੋਕਲ ਚੰਦ ਜੀ ਅਤੇ ਐਨ.ਜੀ.ਓ. ਦੇ ਅਹੁੱਦੇਦਾਰਾ ਵੱਲੋਂ ਸੰਗਤਾਂ ਨੂੰ 200 ਦੇ ਕਰੀਬ ਪੌਦੇ ਵੰਡੇ ਗਏ ਅਤੇ ਮੰਦਰ ਵਿੱਚ ਅਮਰੂਦ ਅਤੇ ਜਾਮੁਨਾ ਦੇ ਪੌਦੇ ਲਗਾਏ ਗਏ। ਐਨ.ਜੀ.ਓ. ਮੋਗਾ ਦੇ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆਂ ਨੇ ਦੱਸਿਆ ਕਿ ਅਸੀਂ ਆਪਣੇ ਬਲਾਕਾਂ ਦੇ ਅਹੁੱਦੇਦਾਰਾ ਰਾਹੀਂ ਪੌਦੇ ਲਗਾਉਣੇ ਸ਼ੁਰੂ ਕੀਤੇ ਹਨ। ਬਲਾਕ ਵਾਈਜ ਮੀਟਿੰਗ ਰੱਖ ਕੇ ਅਤੇ ਜਿਲ੍ਹਾ ਕਮੇਟੀ ਖੁਦ ਹਾਜਰ ਹੋ ਕੇ ਖੁਦ ਯੋਗ ਸਥਾਨਾ ਤੇ ਪੌਦੇ ਲਗਵਾਵੇਗੀ। ਉਨ੍ਹਾਂ ਕਿਹਾ ਕਿ ਪੌਦੇ ਲਗਾਉਣ ਦੇ ਨਾਲ-ਨਾਲ ਪੌਦਿਆਂ ਦੇ ਵਧਣ-ਫੁੱਲਣ ਤੱਕ ਉਨ੍ਹਾਂ ਦੀ ਦੇਖ-ਭਾਲ ਨੂੰ ਯਕੀਨੀ ਬਣਾਉਣ ਲਈ ਬਲਾਕਾਂ ਦੀਆਂ ਜਿੰਮੇਵਾਰੀਆਂ ਲਗਾਈਆ ਜਾਣਗੀਆ।

ਬੁੱਘੀਪੁਰਾ ਮੰਦਿਰ ਵਿਖੇ ਪੌਦੇ ਲਗਾਉਣ ਅਤੇ ਵੰਡਣ ਮੌਕੇ ਮੁੱਖ ਸੇਵਾਦਾਰ ਬਾਬਾ ਗੋਕਲ ਚੰਦ ਜੀ, ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਦੇ ਪ੍ਰਧਾਨ ਸ. ਹਰਭਿੰਦਰ ਸਿੰਘ ਜਾਨੀਆਂ, ਜਿਲ੍ਹਾ ਪ੍ਰੈਸ ਸਕੱਤਰ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਸਿੱਟੀ ਯੂਨਿਟ ਦੇ ਸ੍ਰਪਰਸਤ ਸ. ਗੁਰਸੇਵਕ ਸਿੰਘ ਸੰਨਿਆਸੀ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਰਾਮੂੰਵਾਲਾ, ਜੱਥੇਦਾਰ ਰਾਮ ਸਿੰਘ, ਹਰਜਿੰਦਰ ਸਿੰਘ ਚੁਗਾਵਾ, ਗਗਨਦੀਪ ਟੰਡਨ ਬੁੱਘੀਪੁਰਾ, ਜੰਗ ਸਿੰਘ, ਪ੍ਰੀਤਮ ਸਿੰਘ ਪੀਤਾ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ ਖੋਟਾ, ਸੇਵਕ ਸਿੰਘ ਫੌਜੀ, ਦਰਸ਼ਨ ਸਿੰਘ ਚੀਮਾਂ, ਡਾ. ਕੁਲਦੀਪ ਸਿੰਘ, ਗੁਰਮੀਤ ਸਿੰਘ, ਬਬਲੀ, ਲਖਵਿੰਦਰ ਸਿੰਘ ਜੋਤੀ, ਜਸ ਬੁੱਘੀਪੁਰੀਆ, ਭੋਲਾ, ਕਾਲੂ, ਕਰਨੈਲ ਸਿੰਘ ਫੁੱਲ ਆਦਿ ਮੁੱਖ ਤੌਰ ਤੇ ਹਾਜਿਰ ਸਨ।

## ਸਰਬੱਤ ਦਾ ਭਲਾ ਟਰੱਸਟ ਮੋਗਾ ਵੱਲੋਂ ਧਰਮਕੋਟ ਵਿਖੇ ਸਿਲਾਈ ਅਤੇ ਕੰਪਿਉਟਰ ਕੋਰਸ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ

*ਧਰਮਕੋਟ / 31 ਜੁਲਾਈ 2024/ ਮਵਦੀਲਾ ਬਿਓਰੋ*



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਇਕਾਈ ਵੱਲੋਂ ਧਰਮਕੋਟ ਵਿਖੇ ਚੱਲ ਰਹੇ ਕਿੱਤਾ ਮੁਖੀ ਸਿਖਲਾਈ ਕੇਂਦਰ ਵਿੱਚ ਸਿਲਾਈ ਅਤੇ ਕੰਪਿਉਟਰ ਦਾ ਕੋਰਸ ਪੂਰਾ ਹੋਣ ਉਪਰੰਤ ਪਾਸ ਹੋਏ ਵਿਦਿਆਰਥਣਾ ਨੂੰ ਸਰਟੀਫਿਕੇਟ ਵੰਡਣ ਲਈ ਇੱਕ ਖਾਸ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਟਰੱਸਟ ਦੀ ਜਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਜਰਨਲ ਸਕੱਤਰ ਸ. ਅਵਤਾਰ ਸਿੰਘ ਘੋਲੀਆਂ, ਟਰੱਸਟੀ ਸ. ਹਰਜਿੰਦਰ ਸਿੰਘ ਚੁਗਾਵਾ, ਟਰੱਸਟੀ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ (ਜਿਲ੍ਹਾ ਪ੍ਰਧਾਨ: ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ), ਟਰੱਸਟੀ ਸ. ਕੁਲਵਿੰਦਰ ਸਿੰਘ ਰਾਮੂੰਵਾਲਾ, ਟਰੱਸਟੀ ਸ. ਰਾਮ ਸਿੰਘ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਿਰ ਹੋਏ ਹੋਏ। ਉਨ੍ਹਾਂ ਵੱਲੋਂ ਸਿਲਾਈ ਅਤੇ ਕੰਪਿਉਟਰ ਦਾ ਕੋਰਸ ਪੂਰਾ ਕਰਕੇ ਪਾਸ ਹੋਏ ਵਿਦਿਆਰਥੀਆ ਨੂੰ ਸਰਟੀਫਿਕੇਟ ਵੰਡੇ ਗਏ।

ਇਸ ਪ੍ਰੋਗਰਾਮ ਮੌਕੇ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ ਨੇ ਵਿਦਿਆਰਥੀਆਂ ਨੂੰ ਸੰਬੋਧਣ ਕਰਦਿਆ ਉਨ੍ਹਾਂ ਦੇ ਚੰਗੇ ਭਵਿੱਖ ਲਈ ਸੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਹੋਰਨਾ ਤੋਂ ਇਲਾਵਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਬਲਾਕ ਧਰਮਕੋਟ ਦੇ ਪ੍ਰਧਾਨ ਜਸਵਿੰਦਰ ਸਿੰਘ ਰੱਖਰਾ, ਮਾਸਟਰ ਗੋਪਾਲ ਕ੍ਰਿਸ਼ਨ ਕੌੜਾ, ਬਲਕਾਰ ਸਿੰਘ ਛਾਬੜਾ, ਡਾਕਟਰ ਸੁਰਿੰਦਰ ਪਾਲ ਜੁਨੇਜਾ, ਚੇਅਰਮੈਨ ਡਾਕਟਰ ਜਸਵੰਤ ਸਿੰਘ, ਬਲਵੀਰ ਸਿੰਘ, ਹਰਦੀਪ ਸਿੰਘ ਕੰਨੀਆ, ਮੈਡਮ ਗੁਰਪ੍ਰੀਤ ਕੌਰ, ਮੈਡਮ ਅੰਚਲ, ਮੈਡਮ ਕਵੀਤਾ ਰਾਣੀ, ਮੈਡਮ ਸਿਮਰਨ ਆਦਿ ਮੁੱਖ ਤੌਰ ਤੇ ਹਾਜਰ ਸਨ।



## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮੋਗਾ ਵੱਲੋਂ ਪਿੰਡ ਚੜਿੱਕ ਵਿਖੇ ਮੁਫਤ ਸਿਲਾਈ ਸਿੱਖਿਆ ਸੈਂਟਰ ਸ਼ੁਰੂ

*ਮੋਗਾ/ 01 ਅਗਸਤ 2024/ ਮਵਦੀਲਾ ਬਿਓਰੋ*



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਅਨੇਕਾ ਹੀ ਸਿਲਾਈ ਸੈਂਟਰ, ਕੰਪਿਊਟਰ ਸੈਂਟਰ ਚੱਲ ਰਹੇ ਹਨ ਅਤੇ ਬਹੁੱਤ ਹੀ ਸਸਤੇ ਰੇਟਾਂ ਵਿੱਚ ਖੂਨ ਦੇ ਹਰ ਤਰ੍ਹਾਂ ਦੇ ਟੈਸਟ ਕਰਨ ਲਈ ਲੈਬ ਸਥਾਪਿਤ ਕੀਤੀਆਂ ਗਈਆਂ ਹਨ। ਵਿਦਿਆ ਅਤੇ ਸਿਹਤ ਸੇਵਾਵਾਂ ਵਿੱਚ ਅਹਿਮ ਯੋਗਦਾਨ ਪਾਉਂਦਿਆ ਹੋਰ ਕਈ ਲਬਾਟਰੀਆਂ ਅਤੇ ਵਿਦਿਅਕ ਸੈਂਟਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਸੇ ਕੜੀ ਤਹਿਤ ਓਬਰਾਏ ਸਾਹਿਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮੋਗਾ ਜਿਲ੍ਹੇ ਦੀ ਟੀਮ ਵੱਲੋਂ ਟਰੱਸਟੀ ਸ. ਕੁਲਵਿੰਦਰ ਸਿੰਘ ਰਾਮੂੰਵਾਲਾ ਦੀ ਦੇਖ-ਰੇਖ ਹੇਠ ਪਿੰਡ ਚੜਿੱਕ ਵਿਖੇ ਮੁਫਤ ਸਿਲਾਈ ਸੈਂਟਰ ਸ਼ੁਰੂ ਕੀਤਾ ਗਿਆ ਜਿਸ ਦਾ ਉਦਘਾਟਨ ਕਰਨ ਲਈ ਮੋਗਾ ਇਕਾਈ ਦੇ ਜਿਲ੍ਹਾ ਮੋਗਾ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਗੁਰਸੇਵਕ ਸਿੰਘ ਸੰਨਿਆਸੀ, ਟਰੱਸਟੀ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ) ਮੁੱਖ ਤੌਰ ਤੇ ਹਾਜਿਰ ਹੋਏ।



ਚੜਿੱਕ ਪਿੰਡ ਦੇ ਗੁਰਦੁਆਰਾ ਬਾਬਾ ਖੁਸਹਾਲ ਸਿੰਘ ਜੀ ਵਿਖੇ 40 ਕੁੜੀਆਂ ਦੇ ਬੈਚ ਦਾ ਸੈਂਟਰ ਦਾ ਆਰੰਭ ਹੋਇਆ। ਇਸ ਸਿਲਾਈ ਸੈਂਟਰ ਦਾ ਉਦਘਾਟਨ ਰੀਬਨ ਕੱਟ ਕੇ ਕੀਤਾ ਗਿਆ। ਉਪਰੰਤ ਹਾਜਰ ਹੋਈਆਂ ਵਿਦਿਆਰਥਣਾ ਅਤੇ ਪਤਵੰਤੇ ਸੱਜਣਾ ਨੂੰ ਟਰੱਸਟ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਜੀ ਨੇ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਪਿੰਡ ਦੇ ਪਤਵੰਤੇ ਸੱਜਣਾ ਵੱਲੋਂ ਪਹੁੰਚੀ ਟੀਮ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਅਵਤਾਰ ਸਿੰਘ, ਮੀਤ ਪ੍ਰਧਾਨ ਸ. ਜਸਵੀਰ ਸਿੰਘ, ਸੈਕਟਰੀ ਸ. ਅਜਮੇਰ ਸਿੰਘ, ਖਜਾਨਚੀ ਸ. ਬੂਟਾ ਸਿੰਘ, ਦਰਸ਼ਨ ਰਾਮ, ਸ. ਜਸਵੀਰ ਸਿੰਘ, ਸ. ਜਗਰਾਜ ਸਿੰਘ, ਸੂਬੇਦਾਰ ਇੰਦਰਜੀਤ ਸਿੰਘ, ਗੁਰਸੇਵਕ ਸਿੰਘ (ਸਾਬਕਾਂ ਮੈਂਬਰ) ਸਿਲਾਈ ਟੀਚਰ ਮੈਡਮ ਅਮਰਜੀਤ ਕੌਰ ਆਦਿ ਮੁੱਖ ਤੌਰ ਤੇ ਹਾਜਰ ਸਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟੀ ਅਤੇ ਅਧਿਆਪਕ ਮਿਲਣੀ ਆਯੋਜਿਤ

### *ਆਉਣ ਵਾਲੇ ਮਹੀਨਿਆਂ ਵਿੱਚ ਨਵੇਂ ਪਿੰਡਾ ਤੇ ਬਲਾਕਾਂ ਵਿੱਚ ਸਿਲਾਈ, ਕੰਪਿਊਟਰ ਅਤੇ ਬਿਊਟੀਸ਼ਨ ਸੈਂਟਰ ਸ਼ੁਰੂ ਕੀਤੇ ਜਾਣਗੇ – ਗੋਕਲ ਚੰਦ ਬੁੱਘੀਪੁਰਾ*



*ਮੋਗਾ/ 13 ਜੁਲਾਈ 2024 / ਮਵਦੀਲਾ ਬਿਓਰੋ*

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜਿਲ੍ਹਾ ਮੁੱਖ ਦਫਤਰ ਮੋਗਾ ਵਿਖੇ ਟਰੱਸਟੀ ਅਤੇ ਅਧਿਆਪਕ ਮਿਲਣੀ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮਿਲਣੀ ਵਿੱਚ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਟਰੱਸਟ ਵੱਲੋਂ ਚੱਲ ਰਹੇ ਕਿੱਤਾ ਮੁੱਖੀ ਮੁਫਤ ਸਿਖਲਾਈ ਸੈਂਟਰਾਂ ਜਿਲ੍ਹਾ ਮੋਗਾ ਦੇ ਸਾਰੇ ਅਧਿਆਪਕ ਅਤੇ ਟਰੱਸਟੀ ਇੱਕ ਦੂਜੇ ਦੇ ਰੂ-ਬਰੂ ਹੋਏ। ਇਸ ਮਿਲਣੀ ਵਿੱਚ ਅਧਿਆਪਕਾਂ ਨੇ ਆਪਣੀਆਂ ਸਮੱਸਿਆਵਾਂ ਅਤੇ ਆਪਣੇ ਆਪਣੇ ਸਿਲਾਈ, ਕੰਪਿਊਟਰ, ਬਿਊਟੀਸ਼ਨ ਸੈਂਟਰਾਂ ਬਾਰੇ ਪੂਰੀ ਰਿਪੋਟ ਟਰੱਸਟੀਆਂ ਨੂੰ ਦਿੱਤੀ। ਟਰੱਸਟੀਆਂ ਅਤੇ ਅਧਿਆਪਕਾਂ ਨੇ ਵਿਚਾਰ ਵਟਾਦਰਾਂ ਕੀਤਾ ਅਤੇ ਆਪਣੇ ਆਪਣੇ ਨਵੇਂ ਸੁਝਾਅ ਦਿੱਤੇ। ਟਰੱਸਟ ਦੀ ਮੋਗਾ ਇਕਾਈ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੇ ਦੱਸਿਆ ਕਿ ਆਉਣ ਵਾਲੇ ਮਹੀਨਿਆਂ ਵਿੱਚ ਨਵੇਂ ਪਿੰਡਾ ਤੇ ਬਲਾਕਾਂ ਵਿੱਚ ਸਿਲਾਈ, ਕੰਪਿਊਟਰ ਅਤੇ ਬਿਊਟੀਸ਼ਨ ਸੈਂਟਰ ਸ਼ੁਰੂ ਕੀਤੇ ਜਾਣਗੇ ਤਾਂ ਕਿ ਹਰ ਜਰੂਰਤਮੰਦ ਵਿਦਿਆਰਥੀਆਂ ਤੱਕ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੀਆਂ ਸੇਵਾਵਾ ਪਹੁੰਚ ਸਕਣ।

ਇਸ ਟਰੱਸਟੀ ਅਤੇ ਅਧਿਆਪਕ ਮਿਲਣੀ ਵਿੱਚ ਜਿਲ੍ਹਾ ਪ੍ਰਧਾਨ ਗੋਕਲਚੰਦ ਬੁੱਘੀਪੁਰਾ, ਜਰਨਲ ਸਕੱਤਰ ਸ. ਅਵਤਾਰ ਸਿੰਘ ਘੋਲੀਆ, ਖਜਾਨਚੀ ਸ. ਜਗਤਾਰ ਸਿੰਘ ਜਾਨੀਆ, ਟਰੱਸਟੀ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਸ. ਗੁਰਸੇਵਕ ਸਿੰਘ ਸੰਨਿਆਸੀ, ਟਰੱਸਟੀ ਮੈਡਮ ਨਰਜੀਤ ਕੌਰ ਬਰਾੜ, ਟਰੱਸਟੀ ਕਰਮਜੀਤ ਕੌਰ ਘੋਲੀਆ, ਟਰੱਸਟੀ ਜੱਥੇਦਾਰ ਰਾਮ ਸਿੰਘ, ਟਰੱਸਟੀ ਸ. ਕੁਲਵਿੰਦਰ ਸਿੰਘ ਰਾਮੂੰਵਾਲਾ, ਟਰੱਸਟੀ ਦਵਿੰਦਰਜੀਤ ਸਿੰਘ ਗਿੱਲ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ, ਟੀਚਰ ਗੁਰਪ੍ਰੀਤ ਕੌਰ ਉਪਲ, ਆਚਲ, ਜਸਵੀਰ ਕੌਰ ਚੀਮਾ, ਬਲਜਿੰਦਰ ਕੌਰ, ਸੁਰਭੀ ਗਰਗ, ਸੁਖਵਿੰਦਰ ਕੌਰ ਗਿੱਲ, ਪਰਮਜੀਤ ਕੌਰ ਆਦਿ ਮੁੱਖ ਤੌਰ ਤੇ ਹਾਜਰ ਸਨ।

## ਰੂਰਲ ਐਨ.ਜੀ.ਓ. ਵੱਲੋਂ ਬਿਊਟੀ ਪਾਰਲਰ ਅਤੇ ਕੰਪਿਊਟਰ ਕੋਰਸ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ

*ਮੋਗਾ/ 31 ਜੁਲਾਈ 2024/ ਬਿਓਰੋ*



ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਵੱਲੋਂ ਮੁੱਖ ਦਫਤਰ ਬਸਤੀ ਗੋਬਿੰਦਗੜ੍ਹ ਵਿਖੇ ਚੱਲ ਰਹੇ ਬਿਊਟੀ ਪਾਰਲਰ ਅਤੇ ਕੰਪਿਊਟਰ ਦਾ ਕੋਰਸ ਪੂਰਾ ਹੋਣ ਉਪਰੰਤ ਪਾਸ ਹੋਏ ਵਿਦਿਆਰਥੀਆ ਨੂੰ ਸਰਟੀਫਿਕੇਟ ਵੰਡਣ ਲਈ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਦੇ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਰੂਰਲ ਐਨ.ਜੀ.ਓ. ਦੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਟਰੱਸਟੀ ਦਵਿੰਦਰਜੀਤ ਸਿੰਘ ਗਿੱਲ, ਟਰੱਸਟੀ ਕੁਲਵਿੰਦਰ ਸਿੰਘ ਰਾਮੂੰਵਾਲਾ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਿਰ ਹੋਏ ਹੋਏ।



ਇਸ ਸਮੇਂ 40 ਵਿਦਿਆਰਥੀਆ ਨੇ ਬਿਊਟੀ ਪਾਰਲਰ ਅਤੇ ਕੰਪਿਊਟਰ ਦਾ ਕੋਰਸ ਪੂਰਾ ਕਰਕੇ ਆਪਣਾ ਸਰਟੀਫਿਕੇਟ ਪ੍ਰਾਪਤ ਕੀਤਾ। ਇਸ ਪ੍ਰੋਗਰਾਮ ਮੌਕੇ ਉਪਰੋਕਤ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਣ ਕਰਦਿਆ ਆਪਣਾ ਕੋਰਸ ਪੂਰਾ ਕਰਕੇ ਸਰਟੀਫਿਕੇਟ ਪ੍ਰਾਪਤ ਕਰਨ ਲਈ ਵਧਾਈ ਦਿੱਤੀ ਅਤੇ ਆਉਣ ਵਾਲੀ ਜਿੰਦਗੀ ਦੀ ਕਾਮਯਾਬੀ ਲਈ ਸੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਵਿਦਿਆਰਥੀਆਂ ਸਮੇਤ ਦਫਤਰ ਇੰਚਾਰਜ ਮੈਡਮ ਜਸਵੀਰ ਕੌਰ, ਮੈਡਮ ਸੁਖਵਿੰਦਰ ਕੌਰ, ਗਰਾਮਰ ਟੀਚਰ ਮੈਡਮ ਰਮਨਦੀਪ ਕੌਰ, ਪਾਰਲਰ ਟੀਚਰ ਸ੍ਰੇਆ, ਮੈਡਮ ਅਮਰਜੀਤ ਕੌਰ ਆਦਿ ਮੁੱਖ ਤੌਰ ਤੇ ਹਾਜਰ ਸਨ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ ਪੜ੍ਹਨ ਲਈ ਆਪਣੇ ਫੋਨ ਜਾਂ ਕੰਪਿਊਟਰ ਤੇ ਕਲਿੱਕ ਕਰੋ ਜੀ
www.mehakwatandilive.com, Help Line: 09988-92-9988

# ਕੈਨੇਡਾ ਆ ਰਹੇ ਪੰਜਾਬੀ ਪੜ੍ਹਨਹਾਰੇ ਨੂੰ ਦਰਪੇਸ਼ ਚੁਣੌਤੀਆਂ ! ਮਾਪਿਆਂ ਲਈ ਅਹਿਮ ਨੁਕਤੇ

ਇਕਬਾਲ ਰਾਮੂਵਾਲੀਆ (ਟਰਾਂਟੋ) ਕੈਨੇਡਾ : 905-792-7357




ਪੰਜਾਬ ਵਿੱਚ ਰੁਜ਼ਗਾਰ, ਵਿਪਾਰ, ਅਤੇ ਅਮਨ-ਕਾਨੂੰਨ ਦੇ ਸੰਭਾਵਤ ਧੁੰਦਲੇ ਭਵਿਖ ਤੋਂ ਤ੍ਰਭਕੇ ਹੋਏ ਮਾਪੇ, ਆਪਣੇ ਬੱਚਿਆਂ ਨੂੰ ਹਰ ਹੀਲੇ ਕਨੇਡਾ ਵਿੱਚ ਪੜ੍ਹਨ ਲਈ ਭੇਜਣ ਵਾਸਤੇ ਉਤਸੁਕ ਹਨ। ਜਿੱਥੇ ਪੰਜਾਬੀ ਬੱਚਿਆਂ ਦਾ ਕੈਨੇਡਾ ਵਿੱਚ ਏਡੀ ਵੱਡੀ ਗਿਣਤੀ ਵਿੱਚ ਆਉਣਾ ਹਾਂ-ਪੱਖੀ ਰੁਝਾਨ ਹੈ ਓਥੇ ਇਹ ਗੱਲ ਸਮਝਣੀ ਵੀ ਜ਼ਰੂਰੀ ਹੈ ਕਿ ਅਨੇਕਾਂ ਵਿਦਿਆਰਥੀ ਕੈਨੇਡਾ ਵਿੱਚ ਆ ਕੇ ਵੱਡੇ ਸੰਕਟਾਂ ਵਿੱਚੋਂ ਵੀ ਗੁਜ਼ਰ ਰਹੇ ਹਨ। ਇਹਨਾਂ ਵਿੱਚੋਂ ਕੁਝ ਸੰਕਟ ਬੱਚਿਆਂ ਦੀ ਪਰਵਰਿਸ਼ ਦੇ ਵਖਰੇਵੇਂ ਅਤੇ ਤਰੁਟੀਆਂ ਕਾਰਨ ਆਉਂਦੇ ਹਨ, ਤੇ ਕੁਝ ਬੱਚਿਆਂ ਅੰਦਰ, ਕੈਨੇਡਾ ਦੇ ਕਲਚਰਲ ਮਹੌਲ ਵਿਚ ਸਲੀਕੇ ਨਾਲ ਵਿਚਰ ਸਕਣ ਦੀ ਜਾਂਚ ਦੀ ਅਣਹੋਂਦ ਕਾਰਨ। ਇਹਨਾਂ ਅਣਕਿਆਸੇ ਕਾਰਨਾਂ ਤੋਂ ਭਾਰਤ ਰਹਿੰਦੇ ਮਾਪੇ ਬੇਖ਼ਬਰ ਹੁੰਦੇ ਹਨ।

ਮਾਪਿਆਂ ਦੀ ਜਾਣਕਾਰੀ ਲਈ ਮੈਂ ਕੁਝ ਕੁ ਨੁਕਤੇ ਉਹਨਾਂ ਨਾਲ ਸਾਂਝੇ ਕਰ ਰਿਹਾ ਹਾਂ ਜਿਨ੍ਹਾਂ ਦੀ ਜਾਣਕਾਰੀ, ਬੱਚਿਆਂ ਨੂੰ ਅਗਾਊਂ-ਤਿਆਰ ਕਰਨ ਲਈ ਅਤੇ ਬੱਚਿਆਂ ਦੀ ਕਾਮਯਾਬੀ ਲਈ ਸਹਾਈ ਹੋ ਸਕਦੀ ਹੈ।

ਭਾਰਤ ਬੈਠੇ ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਕੈਨੇਡਾ ਭੂਗੋਲਿਕ ਤੌਰ 'ਤੇ ਬਹੁਤ ਹੀ ਵਿਸ਼ਾਲ ਮੁਲਕ ਹੈ: ਐਡਾ ਵਿਸ਼ਾਲ ਕਿ ਏਥੇ ਛੇ ਟਾਈਮ ਜ਼ੋਨ ਹਨ। ਦੇਸ਼ ਦੇ ਪੂਰਬੀ ਕੋਨੇ ਤੋਂ ਪੱਛਮੀ ਤੀਕ ਫਾਸਲਾ 7300 ਕਿਲੋਮੀਟਰ ਹੈ। ਜਦੋਂ ਪੂਰਬੀ ਤਟ ਉੱਤੇ ਦੁਪਹਿਰ ਦੇ ਬਾਰਾਂ ਵੱਜੇ ਹੁੰਦੇ ਹਨ ਤਾਂ ਮੱਧ-ਕੈਨੇਡਾ (ਟੋਰਾਂਟੋ) ਵਿੱਚ ਸਵੇਰ ਦੇ ਨੌਂ, ਵਿਨੀਪੈੱਗ ਵਿੱਚ ਸਵੇਰ ਦੇ ਸੱਤ ਅਤੇ ਪੱਛਮੀ ਤਟ ਉੱਤੇ ਵੈਨਕੂਵਰ ਵਿੱਚ ਤੜਕੇ ਦੇ ਛੇ। ਬਹੁਤੇ ਮਾਪਿਆਂ ਲਈ ਕੈਨੇਡਾ ਵਿੱਚ ਪਹੁੰਚ ਜਾਣ ਦਾ ਮਤਲਬ ਹੈ ਕਿ ਸਭ ਕੁਝ ਹੁਣ 'ਅੱਛਾ ਹੀ ਅੱਛਾ' ਹੋ ਜਾਵੇਗਾ, ਪ੍ਰੰਤੂ ਅਸਲੀਅਤ ਕੁਝ ਹੋਰ ਹੈ।

ਕੈਨੇਡਾ ਦੇ ਕਾਲਜਾਂ ਵਿੱਚ ਦਾਖ਼ਲਾ ਭਾਵੇਂ ਨੈੱਟ ਰਾਹੀਂ ਕਾਲਜ ਨਾਲ ਸਿੱਧਾ ਸੰਪਰਕ ਕਰਕੇ ਵੀ ਲਿਆ ਜਾ ਸਕਦਾ ਹੈ, ਪ੍ਰੰਤੂ ਹਰ ਕਾਲਜ ਨੇ ਦਾਖ਼ਲੇ ਦਵਾਉਣ ਲਈ ਏਜੰਟ ਵੀ ਰੱਖੇ ਹੁੰਦੇ ਹਨ ਜਿਨ੍ਹਾਂ ਵਿੱਚੋਂ ਬਹੁਤਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਪੰਜਾਬ ਬੈਠੇ ਅਣਭੋਲ ਵਿਦਿਆਰਥੀਆਂ ਨੂੰ ਉਸ ਕਾਲਜ ਵਿੱਚ ਦਾਖ਼ਲਾ ਦਵਾਇਆ ਜਾਵੇ ਜਿਸ ਤੋਂ ਏਜੰਟਾਂ ਨੂੰ ਵਧੇਰੇ ਕਮਿਸ਼ਨ ਮਿਲਦਾ ਹੋਵੇ। ਇਸ ਤਰ੍ਹਾਂ, ਓਪਰੇ ਮੁਲਕ ਵਿੱਚ ਬੱਚਿਆਂ ਦੀਆਂ ਸੰਭਾਵਤ ਮੁਸ਼ਕਿਲਾਂ ਨੂੰ ਨਜ਼ਰਅੰਦਾਜ਼ ਕਰਦਿਆਂ, ਲਾਲਚੀ ਏਜੰਟ ਦਾਖ਼ਲਾ ਐਸੀ ਜਗ੍ਹਾ ਦੁਆ ਦਿੰਦੇ ਹਨ ਜਿੱਥੇ ਰਹਿਣ ਲਈ ਕਮਰੇ ਦਾ ਇਤਜ਼ਾਮ ਕਰਨਾ ਹੀ ਮੁਹਾਲ ਹੁੰਦਾ ਹੈ ਤੇ ਪਾਰਟ ਟਾਈਮ ਕੰਮ ਲੱਭਣਾ ਵੀ ਬਹੁਤ ਹੀ ਮੁਸ਼ਕਿਲ ਹੁੰਦਾ ਹੈ।

ਇਸ ਲਈ ਦੋ ਤਜਵੀਜ਼ਾਂ ਹਨ: ਇਕ ਤਾਂ ਦਾਖ਼ਲਾ, ਏਜੰਟ ਦੀ ਬਜਾਏ, ਸਿੱਧਾ ਨੈੱਟ ਰਾਹੀਂ ਲਿਆ ਜਾਵੇ। ਦੂਜਾ, ਦਾਖ਼ਲਾ ਅਗਰ ਟਰਾਂਟੋ ਦੇ ਹੰਬਰ ਕਾਲਜ ਨੌਰਥ ਕੈਂਪਸ, ਸ਼ੈਰੀਡਨ ਕਾਲਜ ਬਰੈਂਪਟਨ, ਜਾਂ ਸੈਨਕਾ ਕਾਲਜ ਦੇ ਯੌਰਕ ਯੂਨੀਵਰਸਿਟੀ ਵਿੱਚ ਹੋਵੇ ਤਾਂ ਕੰਮ ਲੱਭਣ ਅਤੇ ਰਹਾਇਸ਼ ਲੱਭਣ ਵਿੱਚ ਆਸਾਨੀ ਰਹਿੰਦੀ ਹੈ ਕਿਉਂਕਿ ਇਹ ਉਹ ਕਾਲਜ-ਯੂਨੀਵਰਸਿਟੀਆਂ ਹਨ ਜਿੱਥੋਂ ਪੰਜਾਬੀਆਂ ਦੀ ਸੰਘਣੀ ਵਸੋਂ ਵਾਲ਼ੇ ਬਰੈਂਪਟਨ, ਮਾਲਟਨ, ਵੁੱਡਬਰਿੱਜ, ਕਾਨਕੋਰਡ, ਵੈਸਟਨ, ਇਟੋਬੀਕੋਅ, ਰੇਕਸਡੇਲ ਆਦਿਕ ਸ਼ਹਿਰ ਬਹੁਤ ਨੇੜੇ ਹਨ। ਅੱਜ ਕੱਲ ਨੈੱਟ ਦਾ ਯੁਗ ਹੈ; ਇਸ ਲਈ ਕਾਲਜ ਦੀ ਚੋਣ ਕਰਨ ਵੇਲੇ ਵਿਦਿਆਰਥੀ ਖ਼ੁਦ ਹੀ ਗੂਗਲ ਰਾਹੀਂ ਇਹ ਪਤਾ ਜ਼ਰੂਰ ਕਰ ਲੈਣ ਕਿ ਜਿਸ ਜਗ੍ਹਾ ਉਹਨਾ ਨੂੰ ਦਾਖ਼ਲਾ ਮਿਲ ਰਿਹਾ ਹੈ, ਉਹ ਇਨ੍ਹਾਂ ਇਲਾਕਿਆਂ ਤੋਂ ਕਿੰਨੀ ਦੂਰ ਹਨ।

ਜਦੋਂ ਕਿ ਕੈਨੇਡਾ ਪਹੁੰਚੇ ਵੱਡੀ ਗਿਣਤੀ ਪੰਜਾਬੀ ਬੱਚੇ ਪੜ੍ਹਾਈ ਵਿੱਚ ਵੀ ਅਤੇ ਕੰਮ ਵਿੱਚ ਵੀ ਹੱਡ-ਭੰਨਵੀਂ ਮਿਹਨਤ ਕਰਦੇ ਹਨ, ਅਨੇਕਾਂ ਬੱਚੇ ਉਹ ਵੀ ਹਨ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਕਦੇ ਕੰਮ ਕੀਤਾ ਹੀ ਨਹੀਂ ਹੁੰਦਾ। ਕੈਨੇਡਾ ਵਿੱਚ ਕੰਮ ਦੇ ਮੁਕਾਮ ਉੱਤੇ ਵਾਸ਼ਰੂਮ-ਟਾਇਲਟ ਦੀ ਸਫ਼ਾਈ ਕਰਨਾ, ਝਾੜੂ ਮਾਰਨਾ, ਡਸਟਿੰਗ ਕਰਨੀ ਆਦਿਕ ਚੀਜ਼ਾਂ ਕੰਮ ਦਾ ਹਿੱਸਾ ਹੁੰਦੇ ਹਨ, ਅਤੇ ਕੰਮ ਦੇ ਮਾਲਕ ਇਹ ਕੰਮ ਆਪ ਵੀ ਕਰਦੇ ਹਨ। ਪਰ ਪੰਜਾਬ ਦੇ ਵੱਖਰੇ ਸਮਾਜਕ ਮਹੌਲ ਵਿੱਚੋਂ ਆਏ ਬੱਚੇ ਕਈ ਵਾਰ ਝਾੜੂ ਮਾਰਨ, ਪੋਚਾ ਲਾਉਣ, ਵਾਸ਼ਰੂਮ ਦੀ ਸਫ਼ਾਈ ਆਦਿਕ ਨੂੰ 'ਘਟੀਆ' ਸਮਝਣ ਦੀ ਗ਼ਲਤੀ ਕਰ ਬੈਠਦੇ ਹਨ ਅਤੇ ਇਹਨਾਂ ਕੰਮਾਂ ਤੋਂ ਪਾਸਾ ਵੱਟ ਕੇ ਆਪਣੀ ਜਾਬ ਵੀ ਗੁਆ ਬੈਠਦੇ ਹਨ।

ਉਂਜ ਵੀ ਜਿਨ੍ਹਾਂ ਬੱਚਿਆਂ ਨੂੰ ਮਾਪਿਆਂ ਨੇ ਕੰਮ ਕਰਨ ਦੀ ਆਦਤ ਹੀ ਨਹੀਂ ਪਾਈ ਹੁੰਦੀ, ਉਹਨਾਂ ਨੂੰ ਕੰਮ ਕਰਨਾ ਔਖਾ ਵੀ ਲਗਦਾ ਹੈ। ਇਸ ਲਈ ਉਹ ਰਿਹਾਇਸ਼ ਦੇ ਕਿਰਾਏ, ਗਰੋਸਰੀ, ਬੱਸਾਂ ਦੇ ਕਿਰਾਏ ਅਤੇ ਹੋਰ ਫੁਟਕਲ ਖ਼ਰਚਿਆਂ ਲਈ ਆਪਣੇ ਮਾਪਿਆਂ ਉੱਤੇ ਹੀ ਨਿਰਭਰ ਹੋ ਜਾਂਦੇ ਹਨ। ਅਜਿਹੇ ਬੱਚਿਆਂ ਲਈ ਕੈਨੇਡਾ ਵਿੱਚ ਕਾਮਯਾਬ ਹੋਣਾ ਔਖਾ ਹੁੰਦਾ ਹੈ। ਇਸ ਲਈ ਮਾਪਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਆਪਣੇ ਬੱਚਿਆਂ ਨੂੰ ਉਹਨਾਂ ਦੀ ਨਿਆਣੀ ਉਮਰ ਤੋਂ ਹੀ ਕੰਮ ਕਰਨ ਦੀ ਆਦਤ ਪਾਉਣੀ ਜ਼ਰੂਰੀ ਹੈ, ਨਹੀਂ ਤਾਂ ਉਹ ਕੰਮਚੋਰ ਅਤੇ ਆਲਸੀ ਹੋ ਜਾਣਗੇ।

ਮਾਪਿਆਂ ਨੂੰ ਚਾਹੀਦਾ ਹੈ ਕਿ ਕਨੇਡਾ ਆ ਰਹੇ ਬੱਚਿਆਂ ਨੂੰ ਇਸ ਗੱਲੋਂ ਆਗਾਹ ਕਰਕੇ ਹੀ ਬਾਹਰ ਘੱਲਣ ਕਿ ਉਹਨਾਂ ਨੂੰ ਬਾਹਰਲੇ ਮੁਲਕ ਵਿੱਚ ਆਪਣੀ ਰਿਹਾਇਸ਼ ਦਾ ਕਿਰਾਇਆ ਅਤੇ ਜੇਬ ਖ਼ਰਚਾ, ਪਾਰਟ ਟਾਈਮ ਕੰਮ ਕਰ ਕੇ ਆਪ ਕਮਾਉਣਾ ਪੈਣਾ ਹੈ। ਜਿਨ੍ਹਾਂ ਮਾਪਿਆਂ ਨੂੰ ਇਹ ਪਤਾ ਹੈ ਕਿ ਉਹਨਾਂ ਦੇ ਬੱਚੇ ਕੰਮ ਕਰਨ ਤੋਂ ਟਲ਼ਦੇ ਹਨ, ਆਲਸੀ ਹਨ ਅਤੇ ਪੰਜਾਬੀ ਸਭਿਆਚਾਰ ਵਿੱਚ ਕੁਝ ਕੰਮਾਂ ਨੂੰ 'ਘਟੀਆ' ਸਮਝਣ ਦਾ ਕੂੜਾ ਆਪਣੇ ਨਾਲ਼ ਹੀ ਚੁੱਕੀ ਫ਼ਿਰਦੇ ਹਨ, ਉਹਨਾਂ ਲਈ ਬਿਹਤਰ ਕਿ ਉਹ ਪੈਸਾ ਬਰਬਾਦ ਕਰਨ ਦਾ ਰਿਸਕ ਨਾ ਲੈਣ ਅਤੇ ਬੱਚਿਆਂ ਨੂੰ ਬਾਹਰ ਭੇਜਣ ਤੋਂ ਗੁਰੇਜ਼ ਕਰਨ। ਉਂਜ ਇਹ ਗੱਲ ਵੀ ਨੋਟ ਕਰਨ ਵਾਲ਼ੀ ਹੈ ਕਿ ਬਹੁਤੇ ਬੱਚੇ ਐਨੇ ਮਿਹਨਤੀ ਅਤੇ ਦੂਰਦਰਸ਼ੀ ਹੁੰਦੇ ਹਨ ਕਿ ਰਾਤਾਂ ਨੂੰ ਕੰਮ ਕਰ ਕੇ ਅਤੇ ਦਿਨੇ ਪੜ੍ਹਾਈ ਵਿੱਚ ਮਸਰੂਫ਼ ਰਹਿ ਕੇ ਆਪਣੀਆਂ ਫੀਸਾਂ ਵੀ ਆਪ ਕਮਾਅ ਲੈਂਦੇ ਹਨ।

ਕੈਨੇਡਾ ਦਾ ਸਮਾਜਕ ਮਹੌਲ ਭਾਰਤ ਨਾਲੋਂ ਬਿਲਕੁਲ ਹੀ ਵੱਖਰਾ ਹੈ। ਇਥੇ ਮੁੰਡੇ ਕੁੜੀਆਂ ਨੂੰ ਮਿਲਣ-ਗਿਲਣ ਦੀ ਸੰਪੂਰਨ ਆਜ਼ਾਦੀ ਹੁੰਦੀ ਹੈ। ਕੈਨੇਡਾ ਦੇ ਜੰਮਪਲ ਬੱਚੇ ਇਸ ਮਹੌਲ ਨੂੰ ਚੰਗੀ ਤਰ੍ਹਾਂ ਸਮਝਦੇ ਹੁੰਦੇ ਹਨ ਅਤੇ ਢੁਕਵੀਂ ਵਿੱਥ ਰੱਖ ਕੇ ਆਪਸ ਵਿੱਚ ਦੋਸਤੀਆਂ ਰਖਦੇ ਹਨ। ਪਰ ਪੰਜਾਬੋਂ ਆਏ ਅਨੇਕਾਂ ਬੱਚੇ ਇਸ ਖੁਲ੍ਹੇ-ਡੁਲ੍ਹੇ ਮਹੌਲ ਵਿੱਚ ਸੰਗੀਨ ਗਲਤੀਆਂ ਵੀ ਕਰ ਬੈਠਦੇ ਹਨ ਜਿਨ੍ਹਾਂ ਦਾ ਮਾਰੂ ਅਸਰ ਉਹਨਾਂ ਦੀ ਪੜ੍ਹਾਈ ਉੱਤੇ ਵੀ ਪੈਂਦਾ ਹੈ ਅਤੇ ਸਮਾਜਕ ਵਰਤਾਰੇ ਉੱਤੇ ਵੀ।

ਉਹ ਮਾਪੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਡੂੰਘੀ ਸੋਚ-ਵਿਚਾਰ ਜ਼ਰੂਰ ਕਰਨ ਜਿਨ੍ਹਾਂ ਦਾ ਕੈਨੇਡਾ ਵਿੱਚ ਕੋਈ ਜਾਣਕਾਰ ਨਾ ਹੋਵੇ। ਨਹੀਂ ਤਾਂ ਕੈਨੇਡਾ ਪਹੁੰਚਣ ਉੱਤੇ ਉਹਨਾਂ ਦਾ ਬੱਚਾ ਰਿਹਾਇਸ਼ ਦੇ ਇਤਜ਼ਾਮ ਲਈ ਡਾਢੀ ਪ੍ਰੇਸ਼ਾਨੀ ਵਿੱਚੋਂ ਗੁਜ਼ਰੇਗਾ। ਅਗਰ ਕੋਈ ਜਾਣਕਾਰ, ਬੱਚੇ ਨੂੰ ਹਵਾਈ ਅੱਡੇ ਤੋਂ ਚੁੱਕ ਕੇ ਆਪਣੇ ਘਰ ਲੈ ਆਵੇਗਾ ਤਾਂ ਬੱਚਾ ਵੱਡੀ ਪ੍ਰੇਸ਼ਾਨੀ ਤੋਂ ਬਚ ਸਕਦਾ ਹੈ।

ਪਰ ਜਾਣਕਾਰ ਤੋਂ ਐਡੀ ਵੱਡੀ ਤਵੱਕੋ ਨਾ ਰੱਖੀ ਜਾਵੇ ਕਿ ਉਹ ਓਪਰੇ ਬੱਚੇ ਨੂੰ ਮੁਫ਼ਤ ਵਿੱਚ ਆਪਣੇ ਪਾਸ ਕਈ ਦਿਨ ਰੱਖ ਸਕੇਗਾ। ਏਥੇ ਹਰ ਚੀਜ਼ ਮੁੱਲ ਦੀ ਹੈ, ਪਾਣੀ ਵੀ, ਘਰਾਂ ਨੂੰ ਗਰਮ ਠੰਢਾ ਰੱਖਣ ਵਾਲਾ ਸਿਸਟਮ ਵੀ, ਦੁੱਧ ਵੀ, ਖਾਣ ਦੀਆਂ ਵਸਤਾਂ ਵੀ। ਇਸ ਲਈ ਬੱਚਿਆਂ ਨੂੰ ਇਹ ਅਹਿਸਾਸ ਕਰਾ ਕੇ ਘੱਲਣਾ ਜ਼ਰੂਰੀ ਹੈ ਕਿ ਜਿਸ ਘਰ ਵਿੱਚ ਬੱਚੇ ਨੂੰ ਕੁਝ ਦਿਨਾਂ ਲਈ 'ਪਨਾਹ' ਮਿਲੀ ਹੋਵੇ, ਉਸ ਪਰਵਾਰ ਨੂੰ ਘੱਟ ਤੋਂ ਘੱਟ ਤਕਲੀਫ਼ ਦਿੱਤੀ ਜਾਵੇ। ਮਸਲਨ ਭਾਰਤ ਤੋਂ ਆਏ ਬੱਚੇ ਨਹਾਉਣ ਲੱਗਿਆਂ ਨਾਲ਼ੇ ਤਾਂ ਨਿੱਘੇ ਪਾਣੀ ਵਾਲ਼ਾ ਸ਼ਾਵਰ (ਫੁਹਾਰਾ) ਛੱਡ ਲੈਂਦੇ ਹਨ, ਅਤੇ ਨਾਲ ਹੀ ਸਾਬਣ ਲਾ ਕੇ ਲੰਮਾਂ ਸਮਾਂ ਸਾਬਣ ਨੂੰ ਵੀ ਤੇ ਪਾਣੀ ਨੂੰ ਵੀ ਜ਼ਾਇਆ ਕਰੀ ਜਾਂਦੇ ਹਨ।

ਸਿਆਣੇ ਲੋਕ ਅੱਧਾ ਮਿੰਟ ਸ਼ਾਵਰ ਛੱਡ ਕੇ ਸਰੀਰ ਨੂੰ ਤਰ ਕਰ ਲੈਂਦੇ ਹਨ ਅਤੇ ਫ਼ਿਰ ਸ਼ਾਵਰ ਨੂੰ ਬੰਦ ਕਰ ਕੇ ਸਾਬਣ ਲਾਉਂਦੇ ਹਨ। ਅਖੀਰ ਸਾਬਣ ਨੂੰ ਉਤਾਰਨ ਲਈ ਇੱਕ ਡੇਢ ਮਿੰਟ ਲਈ ਸ਼ਾਵਰ ਛੱਡ ਕੇ ਪਾਣੀ ਨੂੰ ਜ਼ਾਇਆ ਕਰਨ ਤੋਂ ਪਰਹੇਜ਼ ਕਰਦੇ ਹਨ ਅਤੇ ਘਰ ਵਾਲਿਆਂ ਦੀ ਖ਼ਾਮੋਸ਼ ਖਿਝ ਤੋਂ ਬਚੇ ਰਹਿੰਦੇ ਹਨ।

ਜਿਹੜੇ ਬੱਚੇ ਆਪਣੇ ਕਿਸੇ ਵਾਕਫ਼ ਦੇ ਘਰ ਆਏ ਹੁੰਦੇ ਹਨ, ਉਹਨਾਂ ਲਈ ਮੇਰੀ ਸਲਾਹ ਹੈ ਕਿ ਸਕੂਲ ਸ਼ੁਰੂ ਹੋਣ 'ਤੇ ਉਹ ਇਹ ਕੋਸ਼ਿਸ਼ ਕਰਨ ਕਿ ਜਲਦੀ ਤੋਂ ਜਲਦੀ ਆਪਣਾ ਟਿਕਾਣਾ ਆਪ ਬਣਾਇਆ ਜਾਵੇ। ਪੰਜਾਬ ਵਿੱਚ ਪਲ਼ੇ ਬਹੁਤੇ ਬੱਚੇ ਆਪਣੇ ਪਰਵਾਰਾਂ ਵਿੱਚ ਖਾਣੇ ਤੋਂ ਬਾਅਦ ਆਪਣੇ ਬਰਤਨ ਚੁੱਕ ਕੇ ਸਿੰਕ ਵਿੱਚ ਰੱਖਣ ਦੀ ਆਦਤ ਵੀ ਨਹੀਂ ਸਿੱਖੇ ਹੁੰਦੇ, ਬਰਤਨ ਸਾਫ਼ ਕਰਨ ਦੀ ਗੱਲ ਤਾਂ ਦੂਰ ਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਕਿਸੇ ਵਾਕਫ਼ ਦੇ ਘਰ ਵਿੱਚ ਹਫ਼ਤੇ ਦੋ ਹਫ਼ਤੇ ਵਿੱਚ ਕਿਆਮ ਕਰਨ ਵਾਲ਼ੇ ਬੱਚੇ ਨੂੰ ਸਖ਼ਤ ਹਦਾਇਤ ਕਰ ਕੇ ਘੱਲਣ ਕਿ ਪਨਾਹ ਦੇਣ ਵਾਲੇ ਪਰਵਾਰ ਵਿੱਚ 'ਬਰਾਤੀ' ਬਣ ਕੇ ਨਾ ਵਿਚਰਨ ਸਗੋਂ ਬਰਤਨ ਸਫ਼ਾਈ, ਖਾਣੇ ਦੀ ਤਿਆਰੀ ਅਤੇ ਘਰ ਦੀ ਸਫ਼ਾਈ ਵਿੱਚ ਹਿੱਸਾ ਪਾਉਣ।

ਪੰਜਾਬ ਤੋਂ ਕੈਨੇਡਾ ਆਏ ਅਨੇਕਾਂ ਬੱਚੇ ਢਾਣੀਆਂ ਬਣਾ ਕੇ ਪਲਾਜ਼ਿਆਂ ਵਿੱਚ ਘੁੰਮਣ ਦੌਰਾਨ ਅਤੇ ਬੱਸਾਂ ਵਿੱਚ ਸਫ਼ਰ ਕਰਨ ਦੌਰਾਨ ਪੰਜਾਬ ਵਾਂਗ ਅਜੀਬ ਹਰਕਤਾਂ ਕਰਦੇ ਹਨ, 'ਲਾਚੜ' ਕੇ ਮਖ਼ੌਲ ਕਰਦੇ ਹਨ, ਸ਼ਰਾਰਤਾਂ ਕਰਦੇ ਹਨ। ਢਾਣੀਆਂ ਵਿੱਚ ਵਿਚਰਦੇ ਇਹ ਬੱਚੇ ਬਹੁਤ ਵਾਰੀ ਕੈਨੇਡਾ ਦੇ ਸੱਭਿਆਚਾਰ ਸਲੀਕੇ ਦੀ ਉਲੰਘਣਾ ਕਰਦੇ ਹੋਏ ਉੱਚੀ ਉੱਚੀ ਬੋਲਦੇ ਹਨ ਅਤੇ ਕੈਨੇਡੀਅਨ ਲੋਕਾਂ ਦੀ ਖਿਝ ਦਾ ਕੇਂਦਰ ਬਣਦੇ ਹਨ। ਕੈਨੇਡਾ ਘੱਲਣ ਤੋਂ ਪਹਿਲਾਂ ਮਾਪੇ ਆਪਣੇ ਬੱਚਿਆਂ ਨੂੰ, ਚੁਪ-ਚਾਪ ਸਫ਼ਰ ਕਰਨ ਅਤੇ ਸਟੋਰਾਂ ਵਿੱਚ ਘੁੰਮਣ ਵੇਲੇ ਸਲੀਕਾ ਬਰਕਰਾਰ ਰੱਖਣ ਦੀ ਤਾੜਨਾ ਕਰਕੇ ਹੀ ਤੋਰਨ।

ਇਹ ਵੀ ਨੋਟ ਕੀਤਾ ਗਿਆ ਹੈ ਕਿ ਅਨੇਕਾਂ ਬੱਚੇ ਸਰੀਰਕ ਸਫ਼ਾਈ ਰੱਖਣ, ਹਰ ਰੋਜ਼ ਨਹਾਉਣ ਅਤੇ ਹਰ ਰੋਜ਼ ਕੱਛਾ ਬੁਨੈਣ ਬਦਲਣ ਤੋਂ ਆਲਸ ਕਰ ਲੈਂਦੇ ਹਨ। ਇਸ ਮੁੱਦੇ 'ਤੇ ਬੱਚਿਆਂ ਨਾਲ ਗੱਲ ਕਰਨੀਂ ਬਹੁਤ ਜ਼ਰੂਰੀ ਹੈ। ਮਾਪਿਆਂ ਤੋਂ ਮਿਲੇ ਢੇਰ ਸਾਰੇ ਪੈਸਿਆਂ ਕਾਰਨ ਅਨੇਕਾਂ ਬੱਚੇ ਫ਼ਜ਼ੂਲ ਖਰਚੀ ਕਰਨ ਵੱਲ ਵੀ ਰੁਚਿਤ ਹੋ ਜਾਂਦੇ ਹਨ। ਦੋ ਜਾਂ ਤਿੰਨ ਜੀਨ-ਜੋੜੇ, ਚਾਰ ਪੰਜ ਟੀ ਸ਼ਰਟਾਂ, ਅਤੇ ਦੋ ਕੁ ਡਰੈੱਸ ਸ਼ਰਟਾਂ ਨਾਲ ਸੰਜਮ-ਭਰਪੂਰ ਗੁਜ਼ਾਰਾ ਕਰਨ ਦੀ ਆਦਤ ਵਾਲੇ ਬੱਚੇ ਕਾਮਯਾਬ ਹੁੰਦੇ ਹਨ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਅਨੇਕਾਂ ਬੱਚੇ ਸਿਗਰਟਾਂ ਸੂਟਣ ਅਤੇ ਹੋਰ ਸ਼ਰਾਬ-ਬੀਅਰ ਆਦਿ ਦਾ ਸੇਵਨ ਕਰਨ ਲੱਗ ਜਾਂਦੇ ਹਨ। ਇਸ ਨਾਲ ਪੈਸੇ ਦੀ, ਸਮੇਂ ਦੀ ਅਤੇ ਸਿਹਤ ਦੀ ਬਰਬਾਦੀ ਹੋਣ ਦੇ ਨਾਲ਼ ਨਾਲ਼ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ। ਬਾਹਰ ਰੈਸਟੋਰੈਂਟ ਦਾ ਖਾਣਾ ਬਹੁਤ ਮਹਿੰਗਾ ਪੈਂਦਾ ਹੈ। ਪੈਸੇ ਨੂੰ ਸੰਜਮ ਨਾਲ ਖ਼ਰਚਣ ਵਾਲੇ ਬੱਚੇ ਅਵਲ਼ਾ-ਸਵਲ਼ਾ ਖਾਣ ਦੀ ਥਾਂ ਆਪਣਾ ਖਾਣਾ, ਸੈਂਡਵਿਚ, ਬ੍ਰੇਕਫ਼ਾਸਟ ਆਦਿਕ ਆਪ ਬਣਾ ਕੇ ਡਾਲਰਾਂ ਦੀ ਬੱਚਤ ਕਰਦੇ ਹਨ।

ਛੋਹਰ ਉਮਰੇ ਬੱਚਿਆਂ ਲਈ, ਬਿਗਾਨੇ ਮੁਲਕ ਵਿੱਚ ਮਾਪਿਆਂ ਦੀ ਨਿਗਰਾਨੀ ਤੋਂ ਬਗੈਰ ਰਹਿਣਾ ਵੱਡਾ ਚੈਲੰਜ ਹੁੰਦਾ ਹੈ। ਬਹੁਤੇ ਬੱਚੇ ਰੂਮਿੰਗ-ਘਰਾਂ ਵਿੱਚ ਰਹਿੰਦੇ ਹਨ ਜਿੱਥੇ ਇੱਕ ਘਰ ਵਿੱਚ ਲੋਕਾਂ ਨੇ ਪੰਜ-ਪੰਜ ਕਮਰੇ ਬਣਾ ਕੇ ਇਕ ਇਕ ਕਮਰੇ ਚ ਦੋ-ਦੋ ਬੱਚੇ 'ਤਾੜੇ' ਹੁੰਦੇ ਹਨ। ਹੁਣ ਤੁਸੀਂ ਹੀ ਸੋਚੋ ਕਿ ਜਿਸ ਛੋਟੇ ਜਿਹੇ ਮਕਾਨ ਵਿੱਚ ਦਸ-ਦਸ, ਛੋਹਰ-ਉਮਰੇ ਬੱਚੇ ਰਹਿੰਦੇ ਹੋਣ, ਉਥੇ ਹੁੱਲੜਬਾਜ਼ੀ, ਟਿਚਰਬਾਜ਼ੀ, ਮਖ਼ੌਲ ਆਦਿਕ ਤੋਂ ਸ਼ੁਰੂ ਹੁੰਦੇ ਝਗੜੇ ਕਈ ਵਾਰ ਖ਼ਤਰਨਾਕ ਰੂਪ ਧਾਰ ਲੈਣ ਦੀ ਵੱਡੀ ਗੁੰਜਾਇਸ਼ ਰਖਦੇ ਹਨ। ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਆਵਾਰਾ ਘੁੰਮਣ ਅਤੇ ਬਹਿਬਾਜ਼ੀ ਤੋਂ ਗੁਰੇਜ਼ ਕਰਨ, ਪੈਸੇ ਨੂੰ ਸੰਜਮ ਨਾਲ ਖਰਚਣ, ਸਲੀਕੇ ਨਾਲ ਵਿਚਰਣ ਅਤੇ ਆਪਣਾ ਖਰਚਾ ਆਪ ਕਮਾਉਣ ਵਰਗੀਆਂ ਚੀਜ਼ਾਂ ਲਈ ਤਿਆਰ ਕਰ ਕੇ ਘੱਲਣ।

# ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ, ਦੇਸ਼ ਭਗਤਾਂ ਨੂੰ ਅੱਜ 15 ਅਗਸਤ ਦੇ ਮੌਕੇ ਤੇ ਕੋਟਿ-ਕੋਟਿ ਪ੍ਰਣਾਮ!



## ਵੱਲੋਂ: ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ

## ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ (ਰਜਿ:) ਮੋਗਾ ਵੱਲੋਂ ਕੀਤੇ ਜਾ ਰਹੇ ਕਾਰਜ






ਰੂਰਲ ਐਨ.ਜੀ.ਓ. ਮੋਗਾ ਵੱਲੋਂ ਹਰ ਸਾਲ ਆਪਣੇ ਵੱਖ-ਵੱਖ ਬਲਾਕਾ ਰਾਹੀਂ ਮੌਸਮ ਅਤੇ ਮੌਕੇ ਅਨੁਸਾਰ ਹਜਾਰਾ ਪੌਦੇ ਲਗਾਏ ਜਾਂਦੇ ਹਨ।






ਰੂਰਲ ਐਨ.ਜੀ.ਓ. ਵੱਲੋਂ ਵੱਖ-ਵੱਖ ਕਲੱਬਾਂ ਦੇ ਸਹਿਯੋਗ ਨਾਲ ਵੱਖ-ਵੱਖ ਪਿੰਡਾ ਵਿੱਚ ਖੂਨਦਾਨ ਲਗਾਏ ਜਾਂਦੇ ਹਨ।





ਰੂਰਲ ਐਨ.ਜੀ.ਓ. ਵੱਲੋਂ ਵੱਖ-ਵੱਖ ਕਲੱਬਾਂ ਦੇ ਸਹਿਯੋਗ ਨਾਲ ਵੱਖ-ਵੱਖ ਪਿੰਡਾ ਵਿੱਚ ਅੱਖਾਂ ਦੇ ਕੈਂਪ ਲਗਾਏ ਜਾਂਦੇ ਹਨ।





ਹੋਰ ਗਤੀਵਿਧੀਆਂ: ਚਾਈਨਾ ਡੋਰ ਤੇ ਪਬੰਧੀ ਲਗਾਉਣ ਸਬੰਧੀ ਮੰਗ ਪੱਤਰ, ਜਰੂਰਤਮੰਦਾ ਨੂੰ ਟਰਾਈ ਸਾਈਕਲ, ਹੋਣਹਾਰ ਖਿਡਾਰੀਆਂ ਦਾ ਸਨਮਾਨ

# ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ, ਦੇਸ਼ ਭਗਤਾਂ ਨੂੰ ਅੱਜ 15 ਅਗਸਤ ਦੇ ਮੌਕੇ ਤੇ ਕੋਟਿ-ਕੋਟਿ ਪ੍ਰਣਾਮ!

ਉੱਘੇ ਸਮਾਜ ਸੇਵੀ ਡਾ. ਐਸ ਪੀ ਸਿੰਘ ਓਬਰਾਏ ਜੀ ਦੀ ਯੋਗ ਅਗਵਾਹੀ ਹੇਠ

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ

### ਇਕਾਈ ਜਿਲ੍ਹਾ ਮੋਗਾ ਵੱਲੋਂ ਕੀਤੇ ਜਾ ਰਹੇ ਕਾਰਜ







ਮੋਗਾ ਜਿਲ੍ਹੇ ਵਿੱਚ ਸਰਬੱਤ ਦਾ ਭਲਾ ਟਰੱਸਟ ਵੱਲੋਂ 3 ਸਿਲਾਈ ਸੈਂਟਰ, 2 ਕੰਪਿਊਟਰ ਸੈਟਰ ਅਤੇ ਇੱਕ ਬਿਊਟੀਸ਼ਨ ਸੈਟਰ ਚੱਲ ਰਹੇ ਹਨ।





ਮੋਗਾ ਜਿਲ੍ਹੇ ਵਿੱਚ ਸਰਬੱਤ ਦਾ ਭਲਾ ਟਰੱਸਟ ਵੱਲੋਂ 3 ਸਿਲਾਈ ਸੈਂਟਰ, 2 ਕੰਪਿਊਟਰ ਸੈਟਰ ਅਤੇ ਇੱਕ ਬਿਊਟੀਸ਼ਨ ਸੈਟਰ ਚੱਲ ਰਹੇ ਹਨ।





ਨੌਜਵਾਨਾ ਨੂੰ ਖੇਡਾ ਪ੍ਰਤੀ ਉਤਸਾਹਿਤ ਕਰਨ ਲਈ ਹੋਣਹਾਰ ਖਿਡਾਰੀਆਂ ਨੂੰ ਹਾਕੀ ਦੀ ਕਿੱਟਾ ਆਦਿ ਮੁਹੱਈਆ ਕਰਵਾਈਆਂ ਜਾਦੀਆ ਹਨ।





ਅੱਖਾਂ ਦੇ ਮੁਫਤ ਚੈਕਅਪ ਤੇ ਅਪ੍ਰੇਸ਼ਨ ਕੈਪ ਲਗਾਏ ਜਾਦੇ ਹਨ ਅਤੇ ਹਰ ਮਹੀਨੇ 150 ਵਿਧਵਾ ਔਰਤਾ ਨੂੰ ਪੈਨਸ਼ਨ ਦਿੱਤੀ ਜਾਦੀ ਹੈ।



ਸਰਬੱਤ ਦਾ ਭਲਾ ਟਰੱਸਟ ਦੇ ਦਫਤਰ ਵਿੱਚ ਆਏ ਹਰ ਮਹਿਮਾਨ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਦਾ ਹੈ।

# ਜਦੋਂ ਸਾਨੂੰ ਮੁਸੀਬਤ ਆਉਂਦੀ ਹੈ ਓਦੋਂ ਅਸੀਂ ਜ਼ਿੰਦਗੀ ਦੀ ਅਸਲ ਜਾਂਚ ਸਿਖਦੇ ਹਾਂ

ਹਰ ਮਨੁੱਖ ਚਾਹੁੰਦਾ ਹੈ ਕਿ ਉਸਦੀ ਜ਼ਿੰਦਗੀ ਵਿਚ ਸਦਾ ਖੁਸ਼ੀਆਂ ਅਤੇ ਸੁੱਖ ਰਹੇ। ਉਸ ਦਾ ਪਰਿਵਾਰ ਹੱਸਦਾ ਵੱਸਦਾ ਰਹੇ, ਉਹ ਦਿਨ ਦੁੱਗਣੀ ਰਾਤ ਚੌਗੁਣੀ ਤਰਕੀ ਕਰੇ ਪਰ ਜੇਕਰ ਅਸਲ ਜੀਵਨ ਵਿਚ ਝਾਤ ਮਾਰੀਏ ਤਾਂ ਸਚਾਈ ਕੁਝ ਹੋਰ ਹੈ। ਜ਼ਿੰਦਗੀ ਵਿੱਚ ਦੁੱਖ ਤੇ ਤਕਲੀਫਾਂ ਦੋਵੇਂ ਆਉਂਦੀਆਂ ਹਨ। ਕਈ ਵਾਰ ਸਾਰੀਰਕ ਅਤੇ ਮਾਨਸਿਕ ਦੁੱਖ ਮਨੁੱਖ ਤੇ ਬਹੁਤ ਹਾਵੀ ਹੋ ਜਾਂਦੇ ਹਨ ਅਤੇ ਮਨੁੱਖ ਅੰਦਰੋਂ ਹੀ ਅੰਦਰ ਖਤਮ ਹੋਣ ਲੱਗ ਜਾਂਦਾ ਹੈ। ਇਸ ਲਈ ਸਾਡੀ ਸੋਚ ਦਾ ਇਸ ਗੱਲ ਨੂੰ ਸਵੀਕਾਰ ਕਰ ਲੈਣਾ ਬਹੁਤ ਜ਼ਰੂਰੀ ਹੈ ਕਿ ਜਿੰਦਗੀ ਸਿਰਫ ਇੱਕ ਪਹਿਲੂ ਤੇ ਨਹੀਂ ਚਲਦੀ। ਇਸ ਵਿਚ ਸੁੱਖ ਅਤੇ ਦੁੱਖ ਦੋਵੇਂ ਹੀ ਆਉਣਗੇ ਅਤੇ ਸਾਨੂੰ ਦੋਹਾਂ ਨੂੰ ਹੀ ਸਵੀਕਾਰ ਕਰਨਾ ਪਵੇਗਾ।

ਜੇਕਰ ਕੋਈ ਕੰਮ ਸਾਡੀ ਇੱਛਾ ਮੁਤਾਬਿਕ ਹੋ ਰਿਹਾ ਹੈ ਤਾਂ ਅਸੀਂ ਉਸਨੂੰ ਸੁੱਖ ਸਮਝਦੇ ਹਾਂ ਅਤੇ ਖੁਸ਼ੀ ਦਾ ਅਨੁਭਵ ਕਰਦੇ ਹਾਂ। ਅਸਲ ਵਿਚ ਜਦੋਂ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ ਜਾਂ ਮੁਸੀਬਤ ਆਉਦੀ ਹੈ ਓਦੋਂ ਅਸੀਂ ਜ਼ਿੰਦਗੀ ਦੀ ਅਸਲ ਜਾਂਚ ਸਿਖਦੇ ਹਾਂ। ਸਾਨੂੰ ਸਾਡੇ ਸਹੀ ਗਲਤ ਦਾ ਪਤਾ ਲਗਦਾ ਹੈ, ਨਾਲ ਹੀ ਨਾਲ ਤੁਹਾਡੇ ਰਿਸ਼ਤਿਆਂ ਅਤੇ ਤੁਹਾਡਾ ਅਸਲ ਸਾਥ ਨਿਭਾਉਣ ਵਾਲਿਆਂ ਦੇ ਵੀ ਭੇਦ ਖੁੱਲ ਜਾਂਦੇ ਹਨ। ਦੁੱਖ ਵੇਲੇ ਕੌਣ ਤੁਹਾਡੇ ਨਾਲ ਹੈ ਅਤੇ ਕੌਣ ਦੂਰ ਇਸ ਨਾਲ ਤੁਸੀਂ ਆਪਣੇ ਸੱਚੇ ਸਾਥੀਆਂ ਦਾ ਪਤਾ ਕਰ ਸਕਦੇ ਹੋ। ਚਲੋ ਇਹ ਤਾਂ ਹੋ ਗਈ ਸਮਾਜਿਕ ਪੱਖ ਦੀ ਗੱਲ, ਜਿਸ ਵਿਚ ਅਸੀਂ ਇਹ ਜਾਣਿਆ ਕਿ ਦੁੱਖ ਸਾਡੇ ਲਈ ਚੰਗੇ ਹੀ ਹਨ। ਪਰ ਇਸਦਾ ਮਾਨਸਿਕ ਪੱਧਰ ਤੇ ਵੀ ਕਾਫੀ ਵੱਡਾ ਰੋਲ ਹੈ। ਹਾਂ, ਇਹ ਵਿਸ਼ਾ ਥੋੜ੍ਹਾ ਗੰਭੀਰ ਹੈ। ਹੱਦੋਂ ਵੱਧ ਮਾਨਸਿਕ ਦੁੱਖ ਤੁਹਾਨੂੰ ਡਿਪ੍ਰੈਸ਼ਨ ਦਾ ਸ਼ਿਕਾਰ ਵੀ ਬਣਾ ਸਕਦਾ ਹੈ ਜੋ ਕਿ ਅੱਜ ਕੱਲ ਦੀ ਆਮ ਪਰ ਬਹੁਤ ਹੀ ਖਤਰਨਾਕ ਤੇ ਭਿਆਨਕ ਬਿਮਾਰੀ ਹੈ। ਇਸ ਲਈ ਸਾਨੂੰ ਇਸ ਨਾਲ ਪਹਿਲਾਂ ਹੀ ਨਜਿੱਠਣਾ ਪਵੇਗਾ। ਦੁੱਖਾਂ ਤੇ ਚਿੰਤਾਵਾਂ ਨਾਲ ਜੇਕਰ ਤੁਸੀਂ ਪਹਿਲੇ ਹੀ ਪੜਾਅ ਤੇ ਖੁਦ ਨੂੰ ਮਜ਼ਬੂਤ ਬਣਾ ਅੱਗੇ ਵੱਧੋਗੇ ਤਾਂ ਤੁਸੀਂ ਮੁਸੀਬਤ ਨਾਲ ਲੜਨ ਦੀ ਸ਼ਕਤੀ ਪਾਉਗੇ ਅਤੇ ਤੁਹਾਡੀ ਸੂਝ ਬੂਝ ਵਿਚ ਵਾਧਾ ਹੋਵੇਗਾ। ਹਰ ਕੋਈ ਆਪਣੇ ਦੁੱਖ ਨੂੰ ਤਿਆਗਣਾ ਅਤੇ ਉਸ ਤੋਂ ਦੂਰ ਜਾਣਾ ਪਸੰਦ ਕਰਦਾ ਹੈ ਪਰ ਜਦੋਂ ਤੁਸੀਂ ਖੁਦ ਨੂੰ ਆਤਮਿਕ ਸ਼ਕਤੀ ਨਾਲ ਭਰ ਕੇ ਆਪਣੇ ਦੁੱਖਾ ਨੂੰ ਦੂਰ ਕਰਨ ਦਾ ਯਤਨ ਕਰੋਗੇ ਤਾਂ ਤੁਸੀਂ ਮਾਨਸਿਕ ਤੌਰ ਤੇ ਆਪਣੇ ਆਪ ਵਿਚ ਵੱਡੀ ਤਬਦੀਲੀ ਮਹਿਸੂਸ ਕਰੋਗੇ। ਤੁਸੀਂ ਆਪਣੇ ਆਪ ਨੂੰ ਵਧੇਰੇ ਹਿੰਮਤ ਵਾਲਾ ਪਾਉਗੇ।

ਕਿਰਨਪ੍ਰੀਤ ਕੌਰ
(ਆਸਟਰੀਆ)
Ph. 00436-886-401-3133



ਪਰ ਇੱਥੇ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਦੁੱਖ ਦੂਰ ਕਰਨ ਦੀ ਕੋਸ਼ਿਸ਼ ਕਰੋ। ਮਨੁੱਖ ਵੱਡੇ ਤੋਂ ਵੱਡੇ ਡਿਪ੍ਰੈਸ਼ਨ ਚੋ ਵੀ ਬਾਹਰ ਆ ਜਾਂਦਾ ਹੈ। ਬਸ ਲੋੜ ਹੈ ਪੂਰੀ ਲਗਨ ਨਾਲ ਕੋਸ਼ਿਸ਼ ਕਰਨ ਦੀ। ਫਿਰ ਉਹ ਦੁੱਖ ਵੀ ਦੁੱਖ ਨਹੀਂ ਰਹਿੰਦਾ। ਉਹ ਤੁਹਾਡੀ ਹਿੰਮਤ ਅਤੇ ਗੁਣ ਬਣ ਜਾਂਦਾ ਹੈ। ਮੇਰੇ ਵਿਚਾਰ ਅਨੁਸਾਰ ਜੇਕਰ ਸਾਡੇ ਜੀਵਨ ਵਿੱਚ ਦੁੱਖ ਅਤੇ ਤਕਲੀਫਾਂ ਨਾ ਆਉਣ ਤਾਂ ਜੀਵਨ ਬੇ-ਰਸ ਜਿਹਾ ਹੀ ਹੋ ਜਾਵੇਗਾ ਅਤੇ ਮਨੁੱਖ 'ਚ ਸਿਖਣ ਅਤੇ ਸਮਝਣ ਦੀ ਸੂਝ ਬੂਝ ਮਿਟਣੀ ਸ਼ੁਰੂ ਹੋ ਜਾਏਗੀ। ਇਸ ਲਈ ਦੁੱਖ ਅਤੇ ਤਕਲੀਫਾਂ ਦਾ ਜ਼ਿੰਦਗੀ 'ਚ ਆਉਂਣਾ ਵੀ ਜ਼ਰੂਰੀ ਹੈ। ਅਸਲ ਵਿਚ ਜਦ ਦੁੱਖਾਂ ਨੂੰ ਅਸੀਂ ਇਕ ਸਮੱਸਿਆ ਹੀ ਸਮਝਾਗੇ ਤਾਂ ਇਸ ਤੋਂ ਬਾਹਰ ਨਿਕਲਣਾ ਹੋਰ ਵੀ ਆਸਾਨ ਹੋ ਜਾਵੇਗਾ। ਕਿਉਂਕਿ ਫਿਰ ਅਸੀਂ ਮੁਸੀਬਤ ਦੇ ਹੱਲ ਨੂੰ ਲੱਭਣਾ ਸ਼ੁਰੂ ਕਰ ਦਿਆਂਗੇ ਅਤੇ ਹਰ ਮੁਸੀਬਤ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ। ਬਸ ਕਮੀ ਸਾਡੇ ਵਿਚ ਹੀ ਉਸਦਾ ਰਾਹ ਲੱਭਣ ਵਿਚ ਹੁੰਦੀ ਹੈ।

ਦੁੱਖਾਂ ਬਾਰੇ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਦੁੱਖ ਤਾਂ ਸਾਡੀ ਜ਼ਿੰਦਗੀ ਵਿਚ ਦਵਾ ਜਿਹਾ ਕੰਮ ਕਰਦੇ ਹਨ। ਫਿਰ ਦੁੱਖਾਂ ਤੋਂ ਡਰਨ ਦੀ ਕੀ ਲੋੜ? ਜਿਸ ਦਿਨ ਅਸੀਂ ਆਪਣੇ ਇਸ ਡਰ ਤੇ ਕਾਬੂ ਪਾ ਲਿਆ ਤਾਂ ਦੁੱਖ ਮਹਿਸੂਸ ਹੋਣ ਵੀ ਖਤਮ ਹੋ ਜਾਏਗਾ। ਸਾਨੂੰ ਜ਼ਿੰਦਗੀ ਦੇ ਇਹਨਾਂ ਦੋਵੇਂ ਹੀ ਪੱਖਾਂ ਸੁੱਖ-ਦੁੱਖ ਨੂੰ ਦਿਲੋਂ ਸਵੀਕਾਰ ਕਰ ਕੇ ਜ਼ਿੰਦਗੀ ਨੂੰ ਸੁਚੱਜੇ ਅਤੇ ਬੇਹਤਰ ਤਰੀਕੇ ਨਾਲ ਜੀਣਾ ਚਾਹੀਦਾ ਹੈ ਤਾਂ ਜੋ ਅਸੀਂ ਸੰਸਾਰਿਕ ਅਤੇ ਆਤਮਿਕ ਜੀਵਨ ਦੋਹਾਂ ਦਾ ਹੀ ਅਨੰਦ ਲੈ ਸਕੀਏ।

-ਕਿਰਨਪ੍ਰੀਤ ਕੌਰ

ਨੋਟ: ਇਹ ਲੇਖ, ਲੇਖਿਕਾ ਕਿਰਨਪ੍ਰੀਤ ਕੌਰ ਵੱਲੋਂ ਭੇਜੇ ਗਏ ਪੁਰਾਣੇ ਲੇਖਾਂ ਵਿਚੋਂ ਹੈ। -ਸੰਪਾਦਕ

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

ਪਲਾਟ ਵਿਕਾਊ

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

## ਤਸਵੀਰਾਂ ਬੋਲਦੀਆਂ



ਮੇਰੀ ਜੂਨੀਅਰ ਟੀਮ ਨੇ ਲਗਾਏ ਅਜੀਤ ਨਗਰ ਵਿਖੇ ਜਾਮਣਾ ਅਤੇ ਤੂਤਾਂ ਦੇ ਪੌਦੇ। -ਭਵਨਦੀਪ ਸਿੰਘ



ਮੁੱਖ ਦਫਤਰ ਪਟਿਆਲਾ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਸ. ਜੱਸਾ ਸਿੰਘ ਸੰਧੂ ਨੂੰ 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਦੀ ਕਾਪੀ ਭੇਂਟ ਕਰਨ ਸਮੇਂ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਅਤੇ ਟਰੱਸਟ ਦੀ ਜ਼ਿਲ੍ਹਾ ਮੋਗਾ ਦੀ ਟੀਮ ਵਿੱਚ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਜਨਰਲ ਸਕੱਤਰ ਅਵਤਾਰ ਸਿੰਘ ਘੋਲੀਆ, ਰੂਰਲ ਐਨਜੀਓ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਟਰੱਸਟੀ ਹਰਜਿੰਦਰ ਸਿੰਘ ਚੁਗਾਵਾਂ, ਰਾਮ ਸਿੰਘ ਜਾਨੀਆ, ਕੁਲਵਿੰਦਰ ਸਿੰਘ ਰਾਮੂਵਾਲਾ, ਮੈਡਮ ਨਰਜੀਤ ਕੌਰ ਬਰਾੜ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ ਬੁੱਘੀਪੁਰਾ ਆਦਿ। ਫੋਟੋ ਤੇ ਵੇਰਵਾ: 'ਮਵਦੀਲਾ ਬਿਓਰੋ



ਹਵਾਏ ਅਤੇ ਕਾਫਿਲਾ ਵਰਗੀਆਂ ਫਿਲਮਾਂ ਦੇ ਪ੍ਰਸਿਧ ਫਿਲਮ ਨਿਰਦੇਸ਼ਕ ਅਮਿਤੋਜ ਮਾਨ ਮੋਗਾ ਵਿਖੇ ਕਾਲੇ ਪਾਣੀ ਦੇ ਮੋਰਚੇ ਸਬੰਧੀ ਵਿਸਵਕਰਮਾਂ ਭਵਨ ਵਿਖੇ ਹਾਜਿਰ ਹੋਏ ਜਿੱਥੇ ਮਹਿਕ ਵਤਨ ਦੀ ਬਿਓਰੋ ਦੀ ਟੀਮ ਵੀ ਉਨ੍ਹਾਂ ਦੇ ਰੂ-ਬਰੂ ਹੋਈ। ਇਸ ਮੌਕੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਵੱਲੋਂ ਅਮਿਤੋਜ ਮਾਨ ਨੂੰ ਮਹਿਕ ਵਤਨ ਦੀ ਮੈਗਜੀਨ ਬਾਰੇ ਜਾਣਕਾਰੀ ਦਿੰਦਿਆ ਉਨ੍ਹਾਂ ਨੂੰ ਮੈਗਜੀਨ ਦੀ ਕਾਪੀ ਭੇਂਟ ਕੀਤੀ ਗਈ।



ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਵੱਲੋਂ ਪ੍ਰਸਿੱਧ ਪੱਤਰਕਾਰ ਅਤੇ ਲੇਖਕ ਰਾਜਵਿੰਦਰ ਰੌਂਤਾ ਦੀ ਪੁਸਤਕ 'ਮੇਰਾ ਹੱਕ ਬਣਦਾ ਏ ਨਾ' ਰਿਲੀਜ਼ ਕੀਤੀ ਗਈ। ਫੋਟੋ ਤੇ ਵੇਰਵਾ: ਭਵਨਦੀਪ ਸਿੰਘ



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਜ਼ਿਲ੍ਹਾ ਮੋਗਾ ਦੀ ਟੀਮ ਮੁੱਖ ਦਫਤਰ ਪਟਿਆਲਾ ਵਿਖੇ ਮੀਟਿੰਗ ਲਈ ਪਹੁੰਚੀ। ਟਰੱਸਟ ਦੇ ਪ੍ਰਧਾਨ ਸ. ਜੱਸਾ ਸਿੰਘ ਸੰਧੂ ਨੇ ਉਥੇ ਉੱਘੇ ਸਮਾਜ ਸੇਵੀ ਡਾਕਟਰ ਐਸ ਪੀ ਸਿੰਘ ਉਬਰਾਏ ਜੀ ਦੀਆਂ ਚੱਲ ਰਹੀਆਂ ਸਮਾਜ ਸੇਵੀ ਸੇਵਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਫੋਟੋ ਤੇ ਵੇਰਵਾ: ਮੈਡਮ ਜਸਵੀਰ ਕੌਰ ਬੁੱਘੀਪੁਰਾ



# ਬਾਲ - ਵਾੜੀ

## ਇਹ ਵੀ ਜਾਣੋਂ

1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

**ਉਤਰ - 1. ਦੋਵੇਂ ਸਜੀਵ ਹਨ, 2. ਕੇਰਲਾ, 3. ਸਵਾਹੀ ਘਾਹ, 4. ਡੱਡੂ, 5. ਨੀਲੀ ਵੇਲ੍ਹ, 6. 35 ਸਾਲ, 7. ਪ੍ਰਧਾਨ ਮੰਤਰੀ, 8. ਫਰਾਂਸ ਦਾ, 9. ਦਵਾਈਆਂ ਵਿਚ, 10. ਵਿਟਾਮਿਨ 'ਡੀ'**

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ

- ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
- ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
- ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
- ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
- ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
- ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
- ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

**ਪਿਆਰੇ ਬੱਚਿਓ ! ਦੱਸੋ ਹੇਠ ਦਿੱਤੇ ਹਾਥੀਆਂ 'ਚੋ ਕਿਹੜਾ ਹਾਥੀ ਬਾਕੀਆ ਨਾਲੋ ਭਿੰਨ ਹੈ ?**




ਉੱਤਰ: 2

**-ਭਾਗਵੰਤੀ ਪੁਰਬਾ**




**ਪਿਆਰੇ ਬੱਚਿਓ ! ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ A ਤੋਂ Z ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਦੋ ਵਾਰ ਲਿਖਿਆ ਹੈ।**

ਉੱਤਰ: G

**ਪੇਸ਼ਕਸ਼: ਭਾਗਵੰਤੀ ਪੁਰਬਾ**
E-Mail: bhagwanti.purba@gmail.com



## ਮਾਡਲ ਸਕੂਲਾਂ ਦਾ ਮਸਲਾ



ਅੱਜਕਲ੍ਹ ਹਰ ਸ਼ਹਿਰ ਵਿਚ ਮਾਡਲ ਸਕੂਲ ਖੁੰਬਾਂ ਵਾਂਗ ਖੁੱਲ੍ਹ ਰਹੇ ਹਨ। ਇਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਸੋਹਣੀਆਂ ਵਰਦੀਆਂ ਵਿਚ ਸਜੇ ਧਜੇ ਟਾਈਆਂ ਬੈਲਟਾਂ ਨਾਲ ਲੈਸ ਸਕੂਲ ਦੀਆਂ ਬੱਸਾਂ ਵਿਚ ਆਉਂਦੇ ਵੇਖਣਾ ਹੈ। ਇਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਵਿਚ ਹੁੰਦਾ ਹੈ। ਅਸੀਂ ਰੀਸੋ ਰੀਸ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਦੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੀ ਤੋਤੇ ਵਾਂਗ ਸਿਰਫ਼ ਅੰਗਰੇਜ਼ੀ ਹੀ ਬੋਲੇ। ਜਦੋਂ ਨਤੀਜਾ ਨਿਕਲਦਾ ਹੈ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਫੇਲ ਹੁੰਦਾ ਹੈ ਕਿਉਂਕਿ ਉਹ ਮਾਤ ਭਾਸ਼ਾ ਤੋਂ ਹਟਕੇ ਵਿਦੇਸ਼ੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਨਹੀਂ ਸਕਦਾ। ਇਨ੍ਹਾਂ ਸਕੂਲਾਂ ਵਿਚ ਦਾਖਲਾ ਬਹੁਤ ਹੀ ਮੁਸ਼ਕਿਲ ਨਾਲ ਮਿਲਦਾ ਹੈ। ਭਾਰੀਆਂ ਰਕਮਾਂ ਜਿਸਨੂੰ ਡੋਨੇਸ਼ਨ ਕਿਹਾ ਜਾਂਦਾ ਹੈ ਅਤੇ ਵੱਡੀਆਂ ਸਿਫਾਰਸ਼ਾਂ ਦੀ ਲੋੜ ਪੈਂਦੀ ਹੈ। ਇਥੇ ਹੀ ਬੱਸ ਨਹੀਂ ਫਿਰ ਫੀਸਾਂ ਵੀ ਜ਼ਿਆਦਾ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਫਿਰ ਕਿਤਾਬਾਂ ਕਾਪੀਆਂ ਦੇ ਸੈਟ ਵੀ ਤੁਹਾਨੂੰ ਸਕੂਲੋਂ ਹੀ ਮਿਲਣਗੇ, ਟਾਈਆਂ ਬੈਲਟਾਂ ਅਤੇ ਸਕੂਲ ਦੀ ਡਰੇਸ ਵੀ ਵਿਸ਼ੇਸ਼ ਦੁਕਾਨ ਤੋਂ ਹੀ ਮਿਲੇਗੀ। ਬੱਚੇ ਨੂੰ ਲਿਜਾਣ ਵਾਸਤੇ ਬੱਸ ਦੀ ਫੀਸ ਵੱਖਰੀ ਦੇਣੀ ਪਵੇਗੀ।

ਦਾਖਲੇ ਦੇ ਝੰਜਟ ਤੋਂ ਬਾਅਦ ਬੱਚੇ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ। ਮਾਧਿਅਮ ਅੰਗਰੇਜ਼ੀ ਹੋਣ ਸਦਕਾ ਬੱਚੇ ਦੇ ਮਨ ਤੇ ਹਮੇਸ਼ਾ ਹੀ ਪੜ੍ਹਾਈ ਦਾ ਬੋਝ ਬਣਿਆ ਰਹਿੰਦਾ ਹੈ ਕਿਉਂਕਿ ਉਹ ਬਾਹਰਲੀ ਭਾਸ਼ਾ ਘੱਟ ਸਮੇਂ ਵਿਚ ਨਹੀਂ ਸਿੱਖ ਸਕਦਾ। ਨਤੀਜਾ ਕੀ ਹੁੰਦਾ ਹੈ ਕਿ ਬੱਚੇ ਨੂੰ ਚਾਲੂ ਕਰਨ ਲਈ ਸਾਨੂੰ ਆਪ ਮਿਹਨਤ ਕਰਵਾਉਣੀ ਪਵੇਗੀ ਜਾਂ ਫਿਰ ਟਿਊਸ਼ਨ ਦਾ ਸਹਾਰਾ ਲੈਣਾ ਪਵੇਗਾ।

ਜਿਥੋਂ ਤੱਕ ਆਪ ਮਿਹਨਤ ਦਾ ਵਿਚਾਰ ਹੈ ਉਹ ਅਸੀਂ ਕਰਵਾ ਨਹੀਂ ਸਕਦੇ ਕਿਉਂਕਿ ਅਸੀਂ ਆਪਣੇ ਬਿਜਨੈਸ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਸਾਨੂੰ ਰਤਾ ਵੀ ਵਿਹਲ ਨਹੀਂ ਹੈ ਕਿ ਅਸੀਂ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਈਏ, ਕਿਉਂਕਿ ਅਸੀਂ ਦਿਨ-ਰਾਤ ਆਪਣੇ ਕੰਮ ਅਤੇ ਲਾਭ ਵਿਚ ਭੱਜੇ ਫਿਰਦੇ ਹਾਂ। ਸਾਡੇ ਕੋਲ ਕਿੱਥੇ ਸਮਾਂ ਹੈ ਕਿ ਅਸੀਂ ਬੱਚੇ ਨੂੰ ਕੋਲ ਬਿਠਾ ਕੇ ਕੁੱਝ ਪੁੱਛ ਦੱਸ ਸਕੀਏ। ਘਰ ਦੀਆਂ ਔਰਤਾਂ ਨੂੰ ਕਿੱਟੀ ਪਾਰਟੀਆਂ ਤੋਂ ਵਿਹਲ ਨਹੀਂ ਮਿਲਦੀ, ਉਹ ਵੀ ਚਾਹੁੰਦੀਆਂ ਹਨ ਕਿ ਬੱਚਾ ਸਾਰਾ ਦਿਨ ਹੀ ਘਰੋਂ ਬਾਹਰ ਰਹੇ ਅਤੇ ਉਹ ਕਿੱਟੀ ਪਾਰਟੀਆਂ ਵਿਚ ਰੁੱਝੀਆਂ ਹੀ ਰਹਿਣ, ਬੱਚੇ ਦਾ ਕੀ ਹੈ, ਆਪੇ ਤੁਰਦਾ ਫਿਰਦਾ ਦੋ ਲਫ਼ਜ਼ ਸਿੱਖ ਜਾਵੇਗਾ।

ਬੱਚੇ ਨੂੰ ਸਕੂਲ ਵਿਚ ਹੀ ਟਿਊਸ਼ਨ ਗਰੁੱਪ ਵਿਚ ਰੱਖ ਲਿਆ ਜਾਂਦਾ ਹੈ, ਇਸਦੀ ਫੀਸ ਵੱਖਰੀ ਹੁੰਦੀ ਹੈ। ਬੱਚਾ ਬੜੀ ਹੀ ਸ਼ਾਨ ਨਾਲ ਬੱਸ ਵਿਚ ਸਵਾਰ ਹੋ ਕੇ ਸਕੂਲ ਜਾਂਦਾ ਹੈ। ਅਸੀਂ ਬੜੀ ਹੀ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਫਲਾਣੇ ਸਕੂਲ ਵਿਚ ਪੜ੍ਹਦਾ ਹੈ। ਜਦੋਂ ਨਤੀਜਾ ਆਉਂਦਾ ਹੈ ਤਾਂ ਬੱਚਾ ਕੁੱਝ ਵੀ ਨਹੀਂ ਸਿੱਖਿਆ ਹੁੰਦਾ, ਫਿਰ ਉਸ ਨੂੰ ਪੰਜਾਬੀ ਸਕੂਲ ਵਿਚ ਲਗਾਇਆ ਜਾਂਦਾ ਹੈ ਕਿਉਂਕਿ ਉਹ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਨਹੀਂ ਸਕਦਾ, ਉਹ ਪੜ੍ਹਾਈ ਵਿਚ ਪਛੜ ਜਾਂਦਾ ਹੈ। ਉਸਨੂੰ ਇਕ ਜਾਂ ਦੋ ਜਮਾਤਾਂ ਪਿਛਾਂਹ ਮੁੜਣਾ ਪੈਂਦਾ ਹੈ ਕਿਉਂਕਿ ਨਾ ਉਹ ਅੰਗਰੇਜ਼ੀ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਪੰਜਾਬੀ, ਉਹ ਪੜ੍ਹਾਈ ਨੂੰ ਨਾ ਸਮਝ ਆਉਣ ਵਾਲੀ ਸ਼ੈਅ ਸਮਝਦਾ ਹੈ ਅਤੇ ਅਕਸਰ ਸਕੂਲੋਂ ਗੈਰ ਹਾਜ਼ਰ ਪਾਇਆ ਜਾਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਕੁ ਸਕੂਲਾਂ ਨੂੰ ਗਰਾਂਟ ਦੇ ਕੇ ਮਨਜ਼ੂਰਸ਼ੁਦਾ ਕਰਾਰ ਦੇਵੇ, ਗਲੀਆਂ ਵਿਚ ਖੁੱਲੀਆਂ ਵਿੱਦਿਆ ਦੀਆਂ ਇਹ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਮਾਪਿਆਂ ਦੀ ਆਰਥਿਕ ਲੁੱਟ ਖਸੁੱਟ ਨਾ ਹੋ ਸਕੇ। ਪੰਜਾਬੀ ਪੜ੍ਹਕੇ ਬੱਚਾ ਆਪਣੀ ਮਾਤ ਭਾਸ਼ਾ ਤੋਂ ਛੇਤੀ ਹੀ ਜਾਣੂ ਹੋ ਜਾਂਦਾ ਹੈ ਫਿਰ ਅਸੀਂ ਅੰਗਰੇਜ਼ੀ ਸਕੂਲਾਂ ਦਾ ਸਹਾਰਾ ਕਿਉਂ ਲਈਏ? ਆਸ ਕਰਦੇ ਹਾਂ ਕਿ ਸਰਕਾਰ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਕੋਈ ਠੋਸ ਹੱਲ ਲੱਭੇਗੀ ਤਾਂਕਿ ਬੱਚਿਆਂ ਦਾ ਭਵਿੱਖ ਉੱਜਲ ਬਣ ਸਕੇ।

**ਰਜਿੰਦਰ ਵਰਮਾ**



# ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ

## ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜਿਲ੍ਹਾ ਮੋਗਾ)

## ਤਪ ਅਸਥਾਨ ਤੇ ਅੰਗੀਠਾ ਸਾਹਿਬ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ

**ਅਜ਼ਾਦੀ ਦਿਵਸ ਤੇ ਮੌਕੇ ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!**

ਮੁੱਖ ਸੇਵਾਦਾਰ: **ਬਾਬਾ ਜਸਵੀਰ ਸਿੰਘ ਜੀ ਲੋਹਾਰਾ**

ਅਤੇ ਸਮੂੰਹ ਸਾਧ ਸੰਗਤ। **Mob. 95017-70065**








ੴ ਸਤਿਗੁਰ ਪ੍ਰਸਾਦਿ ॥

''ਧੰਨ ਧੰਨ ਬਾਬਾ ਨਰਾਇਣ ਹਰੀ ਜੀ'' ''ਧੰਨ ਧੰਨ ਬਾਬਾ ਪਾਲਾ ਸਿੰਘ ਜੀ''

# ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ



ਇਥੇ ਅਸਥਾਨ ਤੇ ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਦੀ ਸੂਪਰਸਤੀ ਹੇਠ ਸਿੱਖ ਇਤਿਹਾਸ ਨੂੰ ਪ੍ਰਫੁਲਤ ਕਰਦਾ ਸਿੱਖ ਅਜਾਇਬ ਘਰ ਸਥਾਪਿਤ ਹੈ ਜੋ ਨੌਜਵਾਨਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਿੱਖੀ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇਥੇ ਇੱਕ ਵਿਸ਼ਾਲ ਚਿੜੀਆਂ ਘਰ ਬਣਾਇਆ ਗਿਆ ਹੈ ਜੋ ਕੁਦਰਤੀ ਨਜਾਰਾ ਪੇਸ਼ ਕਰਦਾ ਹੈ। ਇਸ ਚਿੜੀਆਂ ਘਰ ਵਿੱਚ ਕਈ ਤਰ੍ਹਾਂ ਦੇ ਪੰਛੀ ਅਤੇ ਜਾਨਵਰ ਹਨ ਜਿਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ ਜਾਦੀ ਹੈ।

**ਅਜ਼ਾਦੀ ਦਿਵਸ ਤੇ ਮੌਕੇ ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!**











ਮੁੱਖ ਸੇਵਾਦਾਰ

**ਸੰਤ ਬਾਬਾ ਪਵਨਦੀਪ ਸਿੰਘ ਜੀ**

ਕੜਿਆਲ ਵਾਲੇ

# ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤਾਂ, ਸੁਤੰਤਰਤਾ ਸੈਲਾਨੀਆਂ ਅਤੇ ਯੋਧਿਆਂ ਨੂੰ ਕੋਟਿ-ਕੋਟਿ ਪ੍ਰਣਾਮ!







ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ Web TV
Chief Editor: Bhawandeep Singh Purba
ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਉਣ ਲਈ ਸੰਪਰਕ ਕਰੋ!
Help Line: 9988 92 9988
www.mehakwatandilive.com



'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ
'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ ਦੇ ਹੋਏ
3,90,000
ਤੋਂ ਵੱਧ ਪਾਠਕ!
ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜੀਆਂ ਖਬਰਾਂ ਆਨਲਾਈਨ ਪੜ੍ਹਨ ਲਈ ਕਲਿਕ ਕਰੋ।
www.mehakwatandilive.com
Help Line: 9988 92 9988

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਆਪਣੇ ਸਮਾਗਮਾਂ ਦਾ ਸਿੱਧਾ ਪ੍ਰਸ਼ਾਰਨ ਕਰਵਾਓ !
'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ...
...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ



Monthly Magazine # Daily Online Newspaper # Web TV Channel
ਨੋਟ: ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!
Chief Editor:
Bhawandeep Singh Purba
Help Line: 9988 92 9988
www.mehakwatandilive.com


Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016